ਪੰਜਾਬ ਸਕੂਲ ਸਿੱਖਿਆ ਬੋਰਡ

(ਸਾਲਾਨਾ ਪ੍ਰਬੰਧਕੀ ਰਿਪੋਰਟ)

(2016–17)

# ਪੰਜਾਬ ਸਕੂਲ ਸਿੱਖਿਆ ਬੋਰਡ


## ਐੱਸ.ਏ.ਐੱਸ. ਨਗਰ

**ਫੋਨ: 0172-5227423, 424, 425**

**ਈ–ਮੇਲ: psebmohali@gmail.com**

**ਵੈੱਬ ਸਾਈਟ: www.pseb.ac.in**

# ਵਿਸ਼ਾ ਸੂਚੀ


| ਲੜੀ ਨੰਬਰ | ਵਰਨਣ | ਪੰਨਾ ਨੰ: |
|---|---|---|
| 1. | ਜਾਣ-ਪਛਾਣ | 1 |
| 2. | ਇਖ਼ਤਿਆਰ ਅਤੇ ਕੰਮ-ਕਾਜ | 2-3 |
| 3. | ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਬੰਧਕੀ ਢਾਂਚਾ ਅਤੇ ਅਮਲਾ | 4-10 |
| 4. | ਬਜ਼ਟ | 11 |
| 5. | ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਕੰਮ | 12-19 |
| 6. | ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਟੀਚੇ ਅਤੇ ਪ੍ਰਾਪਤੀਆਂ ਸਾਲ 2016-17 | 20-25 |

# ਜਾਣ-ਪਛਾਣ

ਪੰਜਾਬ ਰਾਜ ਵਿੱਚ ਸਕੂਲ ਸਿੱਖਿਆ ਬੋਰਡ ਸਥਾਪਿਤ ਕਰਨ ਦਾ ਉਪਬੰਧ ਕਰਨ ਲਈ ਭਾਰਤ ਗਣਰਾਜ ਦੇ ਵੀਹਵੇਂ ਸਾਲ ਵਿੱਚ ਰਾਜ ਦੇ ਵਿਧਾਨ ਮੰਡਲ ਦੁਆਰਾ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969 ਬਣਾਇਆ ਗਿਆ। ਪੰਜਾਬ ਸਕੂਲ ਸਿੱਖਿਆ ਬੋਰਡ (ਸੋਧ) ਐਕਟ, 2016 (ਪ੍ਰਿੰਸੀਪਲ ਐਕਟ, 1969) ਅਧੀਨ ਬੋਰਡ ਕੰਮ ਕਰ ਰਿਹਾ ਹੈ।

## ਇਖਤਿਆਰ ਅਤੇ ਕੰਮ ਕਾਜ-:

1. ਬੋਰਡ ਐਕਟ ਦੇ ਸੈਕਸ਼ਨ 17 ਵਿੱਚ ਦਰਜ ਅਨੁਸਾਰ ਬੋਰਡ ਦੇ ਇਖ਼ਤਿਆਰ ਅਤੇ ਕੰਮ-ਕਾਜ ਨਿਮਨਲਿਖਤ ਅਨੁਸਾਰ ਹੈ:-

1) ਸਕੂਲ ਸਿੱਖਿਆ ਲਈ ਪਾਠਕ੍ਰਮ, ਅਧਿਐਨ ਦੇ ਕੋਰਸ ਅਤੇ ਪਾਠ ਪੁਸਤਕਾਂ ਮੁਕਰਰ ਕਰੇਗਾ ।

2) (ੳ) ਬੋਰਡ ਤੋਂ ਇਲਾਵਾ ਕੋਈ ਵੀ ਹੋਰ ਅਥਾਰਟੀ (ਚਾਹੇ ਉਹ ਕਿਸੇ ਵੀ ਨਾਂ ਤੋਂ ਜਾਣੀ ਜਾਵੇ) ਸੈਕਸ਼ਨ 17 ਦੇ ਸਬ ਸੈਕਸ਼ਨ (1) ਕਲਾਜ਼(3) ਵਿੱਚ ਦਰਜ ਕੰਮ-ਕਾਜ ਨੂੰ ਕਰਨ ਲਈ ਸਮਰੱਥ ਨਹੀਂ ਹੋਵੇਗੀ।

ਪਰੰਤੂ ਜੋ ਅਥਾਰਟੀ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਅਤੇ ਅਧਿਕਾਰਤ ਹੋਵੇ ਅਤੇ ਜਿਸ ਤੋਂ ਪੰਜਾਬ ਰਾਜ ਵਿੱਚ ਸਥਾਪਿਤ ਸੰਸਥਾਵਾਂ ਮਾਨਤਾ ਪ੍ਰਾਪਤ ਹੋਣ ਉਹ ਇਹਨਾਂ ਕੰਮ ਕਾਜਾਂ ਨੂੰ ਕਰਨ ਲਈ ਸਮਰੱਥ ਹੋਵੇਗਾ।

3) ਪਾਠ ਸ਼ਬਦਾਵਲੀ ਦੀ ਦਰਜੇਬੰਦੀ ਲਈ ਖੋਜ ਸੰਗਠਿਤ ਕਰੇਗਾ ਅਤੇ ਪਾਠ-ਪੁਸਤਕਾਂ ਅਤੇ ਹੋਰ ਪੁਸਤਕਾਂ ਦੀ ਸੁਧਾਈ ਲਈ ਪ੍ਰਬੰਧ ਕਰੇਗਾ;

4) ਬੋਰਡ ਸਕੂਲ ਸਿੱਖਿਆ ਲਈ ਪਰੀਖਿਆਵਾਂ ਲਵੇਗਾ, ਉਹਨਾਂ ਪਰੀਖਿਆਵਾਂ ਦੇ ਨਤੀਜੇ ਪ੍ਰਕਾਸ਼ਿਤ ਕਰੇਗਾ ਅਤੇ ਜਿਨ੍ਹਾਂ ਵਿਦਿਆਰਥੀਆਂ ਨੇ ਉਹ ਪਰੀਖਿਆਵਾਂ ਪਾਸ ਕੀਤੀਆਂ ਹਨ, ਉਹਨਾਂ ਨੂੰ ਸਰਟੀਫ਼ਿਕੇਟ ਦੇਵੇਗਾ;

5) ਮੁਕਰਰ ਸ਼ਰਤਾਂ ਉੱਤੇ ਅਜਿਹੇ ਉਮੀਦਵਾਰਾਂ ਨੂੰ ਪਰੀਖਿਆਵਾਂ ਲਈ ਦਾਖ਼ਲਾ ਦੇਵੇਗਾ, ਜਿਨ੍ਹਾਂ ਨੇ, ਭਾਵੇਂ ਸੰਬੰਧਿਤ ਸੰਸਥਾਵਾਂ ਵਿੱਚ ਜਾਂ ਹੋਰਵੇਂ, ਪੜ੍ਹਾਈ ਦੇ ਮੁਕਰਰ ਕੋਰਸ ਕੀਤੇ ਹੋਣ। ਪਰੰਤੂ, ਪ੍ਰਚਲਤ ਸ਼ਰਤਾਂ ਵਿੱਚ ਕੋਈ ਤਬਦੀਲੀ, ਰਾਜ ਸਰਕਾਰ ਦੀ ਅਗੇਤੀ ਪ੍ਰਵਾਨਗੀ ਨਾਲ ਹੀ ਕੀਤੀ ਜਾਵੇਗੀ;

6) ਕਿਸੇ ਸੰਸਥਾ ਨੂੰ ਬੋਰਡ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਾਉਣ ਤੋਂ ਪਹਿਲਾਂ ਉਸ ਸੰਸਥਾ ਵਿੱਚ ਚੱਲ ਰਹੀਆਂ ਹਾਲਤਾਂ ਦੇ ਸੰਬੰਧ ਵਿੱਚ ਅਜਿਹੀ ਏਜੰਸੀ ਰਾਹੀਂ ਅਤੇ ਅਜਿਹੇ ਤਰੀਕੇ ਨਾਲ, ਜੋ ਮੁਕਰਰ ਕੀਤਾ ਜਾਵੇ, ਜਾਂਚ ਕਰਵਾਏਗਾ ਅਤੇ ਅਜਿਹੀ ਏਜੰਸੀ ਤੋਂ ਚਾਹੇਗਾ ਕਿ ਉਹ ਸੰਬੰਧਿਤ ਸੰਸਥਾਵਾਂ ਦਾ ਮੁਆਇਨਾ ਕਰੇ ਅਤੇ ਬੋਰਡ ਨੂੰ ਰਿਪੋਰਟ ਪੇਸ਼ ਕਰੇ ਕਿ ਜਿਨ੍ਹਾਂ ਸ਼ਰਤਾਂ ਅਤੇ ਪਾਬੰਦੀਆਂ ਅਧੀਨ ਉਸ ਸੰਸਥਾ ਨੂੰ ਬੋਰਡ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਵਾਏ ਗਏ ਸਨ, ਉਨ੍ਹਾਂ ਦੀ ਕਿੱਥੋਂ ਤੱਕ ਪਾਲਣਾ ਕੀਤੀ ਜਾ ਰਹੀ ਹੈ;

7) ਪਰੀਖਿਆ, ਪਰੀਖਿਅਕਾਂ ਅਤੇ ਪਰੀਖਿਆਵਾਂ ਦੇ ਸੰਚਾਲਨ ਵਿੱਚ ਲੱਗੇ ਵਿਅਕਤੀਆਂ ਦੇ ਸੰਬੰਧ ਵਿੱਚ ਕਦਾਚਾਰ ਲਈ ਦੰਡ ਮੁਕੱਰਰ ਕਰੇਗਾ;

8) ਪਰੀਖਿਅਕ ਅਤੇ ਨਿਗਰਾਨ ਅਮਲਾ ਨਿਯੁਕਤ ਕਰੇਗਾ ਅਤੇ ਉਹਨਾਂ ਦਾ ਮਿਹਨਤਾਨਾ ਨਿਯਤ ਕਰੇਗਾ;

9) ਪਰੀਖਿਆਵਾਂ ਵਿੱਚ ਉਮੀਦਵਾਰਾਂ ਦੇ ਦਾਖ਼ਲੇ ਲਈ ਸ਼ਰਤਾਂ ਅਤੇ ਪਾਬੰਦੀਆਂ ਸੁਨਿਸ਼ਚਿਤ ਕਰੇਗਾ;

10) ਭਾਸ਼ਣਾਂ, ਡੈਮਨਸਟਰੇਸ਼ਨਾਂ, ਸਿੱਖਿਅਕ ਦੌਰਿਆਂ ਅਤੇ ਨੁਮਾਇਸ਼ਾਂ, ਗੋਸ਼ਟੀਆਂ ਅਤੇ ਸਿੰਪੋਜੀਅਮਾਂ ਦਾ ਸੰਗਠਨ ਅਤੇ ਉਪਬੰਧ ਕਰੇਗਾ ਅਤੇ ਹੋਰ ਅਜਿਹੇ ਉਪਾਅ ਕਰੇਗਾ ਜੋ ਸਕੂਲ ਅਧਿਆਪਨ ਅਤੇ ਸਿੱਖਿਆ ਦੀ ਗੁਣਵਤਾ ਅਤੇ ਮਿਆਰਾਂ ਨੂੰ ਉੱਚਾ ਚੁੱਕਣ ਅਤੇ ਤਰੱਕੀ ਦੇਣ ਲਈ ਜ਼ਰੂਰੀ ਹੋਣ;

11) ਸਾਲਾਨਾ ਆਡਿਟ ਕੀਤੇ ਲੇਖੇ ਅਤੇ ਸੰਤੁਲਨ ਪੱਤਰ ਬੋਰਡ ਦੀ ਰਿਪੋਰਟ ਸਮੇਤ, ਅਗਲੇ ਸਾਲ ਦੀ 30 ਸਤੰਬਰ ਤੱਕ ਰਾਜ ਸਰਕਾਰ ਨੂੰ ਪੇਸ਼ ਕਰੇਗਾ ਅਤੇ ਅਜਿਹੇ ਲੇਖੇ ਅਤੇ ਸੰਤੁਲਨ ਪੱਤਰ ਦਫ਼ਤਰੀ ਗਜ਼ਟ ਵਿੱਚ ਪ੍ਰਕਾਸ਼ਿਤ ਕਰੇਗਾ;

12) ਸਿੱਖਿਆ ਖੋਜ ਅਤੇ ਸਿਖਲਾਈ ਰਾਜ ਪ੍ਰੀਸ਼ਦ ਨੂੰ ਸਿੱਖਿਅਕ ਸਰਗਰਮੀਆਂ ਅਤੇ ਖੋਜ ਕਾਰਜ ਲਈ ਗਰਾਂਟਾਂ ਦੇਵੇਗਾ;

13) ਵਜ਼ੀਫੇ, ਮੈਡਲ ਅਤੇ ਇਨਾਮ ਕਾਇਮ ਕਰੇਗਾ ਅਤੇ ਦੇਵੇਗਾ;

14) ਅਜਿਹੀਆਂ ਫ਼ੀਸਾਂ ਅਤੇ ਹੋਰ ਚਾਰਜ ਨਿਯਤ ਕਰੇਗਾ, ਮੰਗੇਗਾ ਅਤੇ ਵਸੂਲ ਕਰੇਗਾ, ਜਿਹੇ ਮੁਕਰਰ ਕੀਤੇ ਜਾਣ;

15) ਸੰਪਤੀ ਧਾਰਨ ਕਰੇਗਾ ਅਤੇ ਵਸੀਅਤੀ-ਭੇਟਾਵਾਂ, ਦਾਨ, ਇੰਡੋਮੈਂਟਸ, ਟਰੱਸਟ ਅਤੇ ਕਿਸੇ ਸੰਪਤੀ ਦਾ ਇੰਤਕਾਲ ਜਾਂ ਉਸ ਵਿਚਲਾ ਕੋਈ ਹਿੱਤ ਜਾਂ ਉਸ ਤੇ ਕੋਈ ਅਧਿਕਾਰ ਪ੍ਰਾਪਤ ਕਰੇਗਾ;

16) ਸੰਬੰਧਿਤ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀ ਬੌਧਿਕ, ਸਰੀਰਿਕ, ਸਦਾਚਾਰਿਕ ਅਤੇ ਨੈਤਿਕ ਤਰੱਕੀ, ਸਮਾਜਿਕ ਭਲਾਈ ਲਈ ਅਤੇ ਉਹਨਾਂ ਦੀ ਰਿਹਾਇਸ਼ ਦੀਆਂ ਹਾਲਤਾਂ ਅਤੇ ਅਨੁਸ਼ਾਸ਼ਨ ਲਈ ਉਪਾਅ ਮੁਕਰਰ ਕਰੇਗਾ;

17) ਖੇਡਾਂ ਅਤੇ ਸਿਹਤ ਨਿਰਮਾਣ ਸਰਗਰਮੀਆਂ ਦੀ ਹੌਸਲਾ ਅਫਜਾਈ ਕਰੇਗਾ;

18) ਸੰਬੰਧਿਤ ਸੰਸਥਾਵਾਂ ਦੇ ਅਧਿਆਪਕਾਂ ਅਤੇ ਬੋਰਡ ਦੇ ਕਰਮਚਾਰੀਆਂ ਦੀ ਭਲਾਈ ਲਈ ਕਦਮ ਚੁੱਕੇਗਾ;

ਅਜਿਹੇ ਹੋਰ ਕੰਮ ਅਤੇ ਗੱਲਾਂ ਕਰੇਗਾ, ਜਿਨਾਂ ਨਾਲ ਉਹ ਇਸ ਐਕਟ ਦੇ ਉਪਬੰਧਾਂ ਨੂੰ ਅਮਲੀ ਰੂਪ ਦੇਣ ਲਈ ਜ਼ਰੂਰੀ ਸਮਝੇ।

2. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਹੇਠ ਲਿਖੇ ਇਖ਼ਤਿਆਰਾਂ ਦੀ ਵਰਤੋਂ ਅਤੇ ਕੰਮ-ਕਾਜ ਰਾਜ ਸਰਕਾਰ ਦੀ ਅਗੇਤਰੀ ਪ੍ਰਵਾਨਗੀ ਨਾਲ ਕਰੇਗਾ ਅਤੇ ਨਿਭਾਏਗਾ ਅਰਥਾਤ:-

1) ਪਾਠ-ਪੁਸਤਕਾਂ ਹੋਰ ਸਿੱਖਿਅਕ ਸਮਗਰੀ ਦੀ ਤਿਆਰੀ, ਲੇਖਣ, ਸੰਕਲਨ, ਛਪਾਈ, ਪ੍ਰਕਾਸ਼ਨ ਅਤੇ ਵਿਕਰੀ ਦਾ ਪ੍ਰਬੰਧ ਕਰਨਾ ਅਤੇ ਕਿਸੇ ਹੋਰ ਸਿੱਖਿਅਕ ਰਚਨਾ, ਪੁਸਤਕ ਜਾਂ ਰਸਾਲਿਆਂ ਦਾ ਪ੍ਰਕਾਸ਼ਨ ਹੱਥ ਵਿੱਚ ਲੈਣਾ। ਪਰੰਤੂ, ਬੋਰਡ ਦੁਆਰਾ ਵਿਕਸਿਤ ਕੀਤੇ, ਪ੍ਰਕਾਸ਼ਿਤ, ਛਾਪੀ ਸਮਗਰੀ ਦੇ ਉਤਾਰੇ ਦੇ ਹੱਕ ਰਾਜ ਸਰਕਾਰ ਵਿੱਚ ਨਿਹਿਤ ਹੋਣਗੇ; ਅਤੇ

2) ਅਧਿਆਪਕ ਅਤੇ ਉਹਨਾਂ ਦੀ ਕਾਬਲੀਅਤ ਪਾਠ ਪ੍ਰਨਾਲੀ, ਸਾਜ ਸਮਾਨ, ਇਮਾਰਤਾਂ ਅਤੇ ਹੋਰ ਸਿੱਖਿਅਕ ਸਹੂਲਤਾਂ ਦੇ ਸੰਬੰਧ ਵਿੱਚ ਵਿੱਦਿਅਕ ਸੰਸਥਾਵਾਂ ਦੀ ਐਫੀਲੀਏਸ਼ਨ ਲਈ ਸ਼ਰਤਾਂ ਮੁਕਰਰ ਕਰਨਾ।

ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਬੰਧਕੀ ਢਾਂਚਾ



ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਵੱਖ-ਵੱਖ ਕਾਡਰਾਂ ਵਿੱਚ ਕੰਮ ਕਰਦੇ ਅਮਲੇ ਦਾ ਵੇਰਵਾ

| ਲੜੀ ਨੰ. | ਅਸਾਮੀ ਦਾ ਨਾਂ | ਗਰੁੱਪ | ਪ੍ਰਵਾਨਿਤ ਅਸਾਮੀਆਂ |
|---|---|---|---|
| 1 | ਚੇਅਰਮੈਨ | A | 1 |
| 2 | ਸੀਨੀਅਰ ਵਾਈਸ ਚੇਅਰਪਰਸਨ | A | 1 |
| 3 | ਵਾਈਸ ਚੇਅਰਮੈਨ | A | 1 |
| 4 | ਸਕੱਤਰ | A | 1 |
| 5 | ਸੰਯੁਕਤ ਸਕੱਤਰ | A | 3 |
| 6 | ਉਪ ਸਕੱਤਰ | A | 9 |
| 7 | ਸਹਾਇਕ ਸਕੱਤਰ | A | 23 |
| 8 | ਵਿੱਤ ਤੇ ਵਿਕਾਸ ਅਫਸਰ | A | 1 |
| 9 | ਕੰਟਰੋਲਰ, ਪ੍ਰੀਖਿਆਵਾਂ | A | 1 |
| 10 | ਡਾਇਰੈਕਟਰ, ਕੰਪਿਊਟਰ | A | 1 |
| 11 | ਡਿਪਟੀ ਡਾਇਰੈਕਟਰ, ਕੰਪਿਊਟਰ | A | 1 |
| 12 | ਸੁਪਰਇਨਟੈਂਡਿੰਗ ਇੰਜੀਨੀਅਰ | A | 1 |
| 13 | ਉਪ ਮੰਡਲ ਅਫਸਰ, ਸਿਵਲ | A | 2 |
| 14 | ਉਪ ਸਕੱਤਰ, ਪੁਸਤਕਾਂ | A | 1 |
| 15 | ਸੀਨੀਅਰ ਮੈਨੇਜਰ, ਪੁਸਤਕਾਂ | A | 2 |
| 16 | ਜਿਲ੍ਹਾ ਮੈਨੇਜਰ | A | 21 |
| 17 | ਡਾਇਰੈਕਟਰ, ਪ੍ਰਿੰਟਿੰਗ ਅਤੇ ਪਬਲੀਕੇਸ਼ਨ | A | 1 |
| 18 | ਡਿਪਟੀ ਡਾਇਰੈਕਟਰ, ਪ੍ਰਕਾਸ਼ਨ | A | 1 |
| 19 | ਪ੍ਰਕਾਸ਼ਨ ਅਫਸਰ | A | 2 |
| 20 | ਸਹਾਇਕ ਪ੍ਰਕਾਸ਼ਨ ਅਫਸਰ | A | 7 |
| 21 | ਹੈਡ ਪਰੂਫ ਰੀਡਰ | A | 1 |
| 22 | ਐਡੀਟਰ, ਪੰਖੜੀਆਂ | A | 1 |
| 23 | ਲੀਗਲ ਐਡਵਾਈਜਰ | A | 1 |

| | | | |
|---|---|---|---|
| 24 | ਸੀਨੀਅਰ ਲੀਗਲ ਐਡਵਾਈਜਰ | A | 1 |
| 25 | ਲਾਅ ਅਫਸਰ | A | 1 |
| 26 | ਸਹਾਇਕ ਸਕਿਓਰਿਟੀ ਅਫਸਰ | A | 1 |
| 27 | ਸਕਿਓਰਿਟੀ ਅਫਸਰ | A | 1 |
| 28 | ਵਿਸ਼ਾ ਮਾਹਿਰ | A | 13 |
| 29 | ਡਾਇਰੈਕਟਰ, ਅਕਾਦਮਿਕ | A | 1 |
| 3● | ਡਿਪਟੀ ਡਾਇਰੈਕਟਰ | A | 4 |
| 31 | ਮੀਡੀਆ ਤੇ ਤਾਲਮੇਲ ਅਫਸਰ | A | 1 |
| 32 | ਆਰਟਿਸਟ-ਕਮ-ਲੇਅ ਆਊਟ ਐਕਸਪਰਟ | A | 2 |
| 33 | ਸੀਨੀਅਰ ਮੈਡੀਕਲ ਅਫਸਰ | A | 1 |
| 34 | ਲੇਡੀ ਮੈਡੀਕਲ ਅਫਸਰ/ ਮੈਡੀਕਲ ਅਫਸਰ | A | 2 |
| 35 | ਸੁਪਰਡੰਟ, ਗੈਸਟ ਹਾਊਸ | A | 1 |
| 36 | ਸਕੱਤਰ ਟੂ ਚੇਅਰਮੈਨ | A | 1 |
| 37 | ਨਿੱਜੀ ਸਕੱਤਰ | A | 1 |
| 38 | ਨਿੱਜੀ ਸਹਾਇਕ ਗਰੇਡ-1 | A | 6 |
| 39 | ਸੁਪਰਡੰਟ | A | 112 |
| 4● | ਪ੍ਰਿੰਸੀਪਲ | A | 11 |
| 41 | ਲੈਕਚਰਾਰ | A | 119 |
| 42 | ਮਾਸਟਰ/ ਮਿਸਟ੍ਰੈਸ | A | 118 |
| 43 | ਕੋਆਰਡੀਨੇਟਰ ਆਦਰਸ਼ ਸਕੂਲ ਸੈਲ (ਮਾਸਟਰ/ ਮਿਸਟ੍ਰੈਸ) | A | 1 |
| 44 | ਸੀਨੀਅਰ ਸਹਾਇਕ | B | 474 |
| 45 | ਸਹਾਇਕ ਅੰਕੜਾ ਅਫਸਰ | B | 1 |
| 46 | ਸੀਨੀਅਰ ਆਡੀਟਰ | B | 1 |
| 47 | ਆਡੀਟਰ/ ਸਟਾਕ ਵੈਰੀਫਿਕੇਸ਼ਨ ਅਫਸਰ | B | 4 |
| 48 | ਅਕਾਊਂਟ ਅਫਸਰ, ਲੇਖਾ | **B** | **1** |
| 49 | ਜੂਨੀਅਰ ਆਡੀਟਰ | B | 5 |

| | | | |
|---|---|---|---|
| 50 | ਸੀਨੀਅਰ ਪ੍ਰੋਜੈਕਟ ਅਫਸਰ | B | 5 |
| 51 | ਪ੍ਰੋਜੈਕਟ ਅਫਸਰ | B | 9 |
| 52 | ਭਾਗ ਅਫਸਰ, ਬਿਜਲੀ | B | 1 |
| 53 | ਭਾਗ ਅਫਸਰ, ਸਿਵਲ | B | 4 |
| 54 | ਭਾਗ ਅਫਸਰ, ਮਕੈਨੀਕਲ | B | 1 |
| 55 | ਡਰਾਫਟਮੈਨ, ਸਿਵਲ | B | 2 |
| 56 | ਪਰੂਫ ਰੀਡਰ | B | 10 |
| 57 | ਸਹਾਇਕ ਏਡੀਟਰ | B | 2 |
| 58 | ਫਾਰਮਾਸਿਸਟ | B | 3 |
| 59 | ਸਟਾਫ ਨਰਸ | B | 1 |
| 60 | ਜੂਨੀਅਰ ਆਰਟਿਸਟ-ਕਮ-ਲੇਅ ਆਊਟ ਐਕਸਪਰਟ | B | 1 |
| 61 | ਸਹਾਇਕ ਭਲਾਈ ਅਫਸਰ, ਖੇਡਾਂ | B | 1 |
| 62 | ਸੀਨੀਅਰ ਸਕੇਲ ਸਟੈਨੋਗ੍ਰਾਫਰ | B | 18 |
| 63 | ਜੇ.ਬੀ.ਟੀ./ਈ.ਟੀ.ਟੀ. | B | 39 |
| 64 | ਸੀ.ਐਂਡ.ਵੀ. (ਮਾਸਟਰ/ ਮਿਸਟ੍ਰੈਸ) | B | 9 |
| 65 | ਸਟਾਕ ਪੜਤਾਲੀਆ | B | 1 |
| 66 | ਰਿਸਟੋਰਰ | C | 22 |
| 67 | ਡਰਾਈਵਰ | C | 13 |
| 68 | ਮੋਟਰ ਮਕੈਨਿਕ-ਕਮ-ਡਰਾਈਵਰ | C | 1 |
| 69 | ਸੁਪਰਵਾਈਜਰ ਆਫ ਡਰਾਈਵਰ | C | 1 |
| 70 | ਕਲਰਕ-ਕਮ-ਡਾਟਾ ਐਂਟਰੀ ਓਪਰੇਟਰ/ ਜੂਨੀਅਰ ਸਹਾਇਕ | C | 715 |
| 71 | ਲਿਫਟ ਓਪਰੇਟਰ | C | 3 |
| 72 | ਫਾਇਰਮੈਨ | C | 2 |
| 73 | ਇਲੈਕਟ੍ਰੀਸ਼ੀਅਨ | C | 1 |
| 74 | ਕਾਪੀ ਹੋਲਡਰ | C | 3 |
| 75 | ਸਹਾਇਕ ਪ੍ਰੋਜੈਕਟ ਅਫਸਰ | C | 3 |

| | | | |
|---|---|---|---|
| 76 | ਲੈਬਾਰਟਰੀ ਟੈਕਨੀਸ਼ੀਅਨ ਗਰੇਡ-1 | C | 1 |
| 77 | ਲੈਬਾਰਟਰੀ ਟੈਕਨੀਸ਼ੀਅਨ ਗਰੇਡ-2 | C | 1 |
| 78 | ਫਾਰਮਾਸਿਸਟ ਗਰੇਡ-2 | C | 1 |
| 79 | ਟੈਲੀਫੋਨ ਓਪਰੇਟਰ | C | 1 |
| 8● | ਕਾਰਪੇਂਟਰ | C | 1 |
| 81 | ਲਾਈਬ੍ਰੇਰੀਅਨ | C | 1 |
| 82 | ਸਹਾਇਕ ਲਾਈਬ੍ਰੇਰੀਅਨ | C | 1 |
| 83 | ਟਾਈਪਰਾਈਟਰ ਮਕੈਨਿਕ | C | 1 |
| 84 | ਜੂਨੀਅਰ ਸਕੇਲ ਸਟੈਨੋਗ੍ਰਾਫਰ | C | 21 |
| 85 | ਸਟੈਨੋ ਟਾਈਪਿਸਟ | C | 9 |
| 86 | ਸੀਨੀਅਰ ਲੈਬ ਅਟੈਂਡੈਂਟ | C | 8 |
| 87 | ਤਬਲਾ (ਮਾਸਟਰ/ ਮਿਸਟ੍ਰੈਸ) | C | 4 |
| 88 | ਵੋਕੇਸ਼ਨਲ (ਮਾਸਟਰ/ ਮਿਸਟ੍ਰੈਸ) | C | 4 |
| 89 | ਲਾਈਬ੍ਰੇਰੀਅਨ | C | 2 |
| 9● | ਸਕੂਲ ਲਾਈਬ੍ਰੇਰੀਅਨ | C | 1● |
| 91 | ਸਹਾਇਕ ਕਰਮਚਾਰੀ/ਹੈਲਪਰ | D | 239 |
| 92 | ਬੱਸ ਹੈਲਪਰ | D | 3 |
| 93 | ਟਰੱਕ ਹੈਲਪਰ | D | 1 |
| 94 | ਵਾਟਰਮੈਨ | D | 5 |
| 95 | ਲੇਡੀ ਅਟੈਂਡੈਂਟ | D | 1 |
| 96 | ਪੇਪਰ ਲਿਫਟਰ | D | 1 |
| 97 | ਹੈਡ ਮਾਲੀ | D | 1 |
| 98 | ਮਾਲੀ | D | 6 |
| 99 | ਜਮਾਂਦਾਰ | D | 3 |

| | | | |
|---|---|---|---|
| 1●● | ਦਫਤਰੀ-ਕਮ-ਰਿਕਾਰਡ ਲਿਫਟਰ | D | 3 |
| 1●1 | ਦਫਤਰੀ | D | 47 |
| 1●2 | ਮਸ਼ੀਨਮੈਨ | D | 5 |
| 1●3 | ਪੈਕਰ | D | 53 |
| 1●4 | ਸਵੀਪਰ-ਕਮ-ਚੌਂਕੀਦਾਰ | D | 18 |
| 1●5 | ਫੈਰੋਮੈਨ | D | 1 |
| 1●6 | ਹੈਲਪਰ, ਇਲੈਕਟ੍ਰੀਸੀਅਨ | D | 1 |
| 1●7 | ਪਲੰਬਰ | D | 1 |
| 1●8 | ਮੈਨਟੀਨੈਂਸ ਵਰਕਰ | D | 1● |
| 1●9 | ਸਵੀਪਰ | D | 19 |
| 11● | ਕੁੱਕ | D | 3 |
| 111 | ਵੇਟਰ | D | 3 |
| 112 | ਸਕਿਓਰਿਟੀ ਗਾਰਡ | D | 89 |
| 113 | ਲੈਬ ਅਟੈਂਡੈਂਟ | D | 31 |
| 114 | ਦਰਜਾ ਚਾਰ | D | 6● |
| 115 | ਬੇਲਦਾਰ | D | 1 |
| 116 | ਐਨ.ਟੀ.ਟੀ. | | 11 |

# ਪੰਜਾਬ ਸਕੂਲ ਸਿੱਖਿਆ ਬੋਰਡ ਮੈਂਬਰ ਸਾਹਿਬਾਨ ਦੀ ਸੂਚੀ
(2016-17)

| ਲੜੀ ਨੰ: | ਬੋਰਡ ਮੈਂਬਰ ਸਾਹਿਬਾਨ ਦਾ ਨਾਂ/ਪਤਾ |
|---|---|
| 1 | ਸ੍ਰੀ ਬਲਬੀਰ ਸਿੰਘ ਢੋਲ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ । |
| 2 | ਡਾ. ਸ਼ਸ਼ੀ ਕਾਂਤਾ, ਸੀਨੀਅਰ ਵਾਈਸ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ। |
| 3 | ਡਾ: ਸੁਰੇਸ਼ ਟੰਡਨ, ਵਾਈਸ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ । |
| 4 | ਵਾਈਸ ਚਾਂਸਲਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ । |
| 5 | ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| 6 | ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ । |
| 7 | ਵਾਈਸ ਚਾਂਸਲਰ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ । |
| 8 | ਵਾਈਸ ਚਾਂਸਲਰ, ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ, ਫਰੀਦਕੋਟ । |
| 9 | ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ ਯੂਨੀਵਰਸਿਟੀ, ਲੁਧਿਆਣਾ। |
| 10 | ਵਾਈਸ ਚਾਂਸਲਰ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ। |
| 11 | ਵਾਈਸ ਚਾਂਸਲਰ, ਸ੍ਰੀ ਗੁਰੂ ਰਵੀਦਾਸ ਆਯੂਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ। |
| 12 | ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ । |
| 13 | ਡਾਇਰੈਕਟਰ ਜਨਰਲ, ਸਕੂਲ ਸਿੱਖਿਆ,ਪੰਜਾਬ, ਐਸ.ਏ.ਐਸ. ਨਗਰ । |
| 14 | ਡਾਇਰੈਕਟਰ, ਸਿੱਖਿਆ ਵਿਭਾਗ (ਕ), ਪੰਜਾਬ, ਚੰਡੀਗੜ੍ਹ। |
| 15 | ਡਾਇਰੈਕਟਰ, ਸਿੱਖਿਆ ਵਿਭਾਗ (ਸੈਕੰ: ਸਿਖਿਆ), ਪੰਜਾਬ,ਐਸ.ਏ.ਐਸ. ਨਗਰ। |
| 16 | ਡਾਇਰੈਕਟਰ, ਸਿੱਖਿਆ ਵਿਭਾਗ (ਐਲੀਮੈਂਟਰੀ ਸਿੱਖਿਆ ) ਪੰਜਾਬ,ਐਸ.ਏ.ਐਸ. ਨਗਰ। |
| 17 | ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ,ਐਸ.ਏ.ਐਸ. ਨਗਰ। |
| 18 | ਡਾ: ਮਹਿਲ ਸਿੰਘ, ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ। |
| 19 | ਡਾ.ਰਵਿੰਦਰ ਸਿੰਘ ਮਾਨ, ਪ੍ਰਿੰਸੀਪਲ, ਦਸਮੇਸ਼ ਪਬਲਿਕ ਸਕੂਲ,ਬਠਿੰਡਾ। |
| 20 | ਡਾ. ਧਰਮਿੰਦਰ ਸਿੰਘ ਉਭਾ, ਸੋਹਾਜਵਿਲਾ, ਮਕਾਨ ਨੰ: 292/1 ਨੇੜੇ ਸਰਹਿੰਦ ਪਬਲਿਕ ਸਕੂਲ ਹਮਾਯੂੰਪੁਰ, ਫਤਿਹਗੜ੍ਹ ਸਾਹਿਬ। |
| 21 | ਸ. ਹਰਦੇਵ ਸਿੰਘ ਜਵੰਧਾ, ਹੈਡ ਮਾਸਟਰ, ਸਰਕਾਰੀ ਹਾਈ ਸਕੂਲ, ਬਮਾਲ, ਸੰਗਰੂਰ, ਨੈਸ਼ਨਲ ਅਵਾਰਡੀ। |
| 22 | ਸਪੈਸ਼ਲ ਇੰਨਵਾਇਟੀ (ਵਿੱਤ ਵਿਭਾਗ ਦਾ ਨੁਮਾਇੰਦਾ)। |

# ਬਜਟ

## ਵਿੱਤੀ ਸਾਲ 2016–17 ਦੀ ਸਮੁੱਚੀ ਆਮਦਨ ਅਤੇ ਖਰਚਿਆਂ ਦਾ ਅਨੁਮਾਨਤ ਅਤੇ ਅਸਲ ਖਰਚੇ ਦਾ ਵੇਰਵਾ

| ਅਨੁਮਾਨਿਤ (ਰੁਪਏ ਲੱਖਾਂ ਵਿੱਚ) | | | |
|---|---|---|---|
| ਬਜਟ ਸਾਲ | ਆਮਦਨ | ਖ਼ਰਚਾ | ਘਾਟਾ |
| 2016-17 | 26273.64 | 30925.29 | (-)4651.65 |

| ਅਸਲ (ਰੁਪਏ ਲੱਖਾਂ ਵਿੱਚ) | | | |
|---|---|---|---|
| ਬਜਟ ਸਾਲ | ਆਮਦਨ | ਖ਼ਰਚਾ | ਵਾਧਾ |
| 2016-17 | 20404.29 | 20091.47 | 312.82 |

## ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਕੰਮਾਂ ਦਾ ਵੇਰਵਾ:

1. **ਬੋਰਡ ਵੱਲੋਂ ਦਸਵੀਂ ਅਤੇ** ਬਾਰ੍ਹਵੀਂ ਸ੍ਰੇਣੀ ਦੀਆਂ ਸਾਲਾਨਾ ਅਤੇ ਅਨੁਪੂਰਕ ਪਰੀਖਿਆ ਤੋਂ ਇਲਾਵਾ ਓਪਨ ਸਕੂਲ ਸਕੀਮ ਅਧੀਨ ਅਪੀਅਰ ਹੋਣ ਵਾਲੇ ਪਰੀਖਿਆਰਥੀਆਂ ਦੀ ਪਰੀਖਿਆ ਕਰਵਾਈ ਜਾਂਦੀ ਹੈ।
2. ਹਰ ਤਿੰਨ ਮਹੀਨੇ ਬਾਅਦ ਵਾਧੂ ਵਿਸ਼ਾ ਪੰਜਾਬੀ (ਮੈਟ੍ਰਿਕ ਪੱਧਰ) ਦੀ ਪਰੀਖਿਆ ਵੀ ਕਰਵਾਈ ਜਾਂਦੀ ਹੈ।
3. ਇਹਨਾਂ ਪਰੀਖਿਆਵਾਂ ਤੋਂ ਬਾਅਦ ਨਤੀਜਾ ਤਿਆਰ ਕਰਨ ਸੰਬੰਧੀ ਪਾਸ ਫਾਰਮੂਲਾ ਤਿਆਰ ਕਰਕੇ ਨਤੀਜੇ ਘੋਸ਼ਿਤ ਕੀਤੇ ਜਾਂਦੇ ਹਨ। ਨਤੀਜਾ ਘੋਸ਼ਿਤ ਕਰਨ ਉਪਰੰਤ ਨਤੀਜਾ ਕਾਰਡਾਂ/ਸਰਟੀਫਿਕੇਟਾਂ ਨੂੰ ਰੈਗੂਲਰ ਪਰੀਖਿਆਰਥੀਆਂ ਦੇ ਜਿਲ੍ਹੇ ਦੇ ਸੰਬੰਧਿਤ ਖੇਤਰੀ ਦਫ਼ਤਰ ਵਿੱਚ ਅਤੇ ਪ੍ਰਾਈਵੇਟ ਪਰੀਖਿਆਰਥੀਆਂ ਦੇ ਰਜਿਸਟਰਡ ਡਾਕ ਰਾਹੀਂ ਦਾਖਲਾ ਫਾਰਮ ਵਿੱਚ ਦਿੱਤੇ ਪਤੇ ਤੇ ਭੇਜੇ ਜਾਂਦੇ ਹਨ।
4. ਬੋਰਡ ਵੱਲੋਂ ਉੱਤਰ-ਪੱਤਰੀਆ ਦੀ ਮਾਰਕਿੰਗ ਗੁਪਤ ਪ੍ਰਨਾਲ਼ੀ ਦੁਆਰਾ ਕਰਵਾਈ ਜਾਂਦੀ ਹੈ। ਸਮੂਹ ਜ਼ਿਲ੍ਹਿਆਂ ਵਿੱਚ ਸਥਾਪਿਤ ਮੁਲਾਂਕਣ ਕੇਂਦਰਾਂ ਨੂੰ ਉੱਤਰ-ਪੱਤਰੀਆਂ ਸਪਲਾਈ ਕਰਨ ਲਈ ਸ਼ਡਿਊਲ ਅਤੇ ਰੂਟ ਤਿਆਰ ਕਰਨਾ ਅਤੇ ਬਣਾਏ ਗਏ ਰੂਟਾਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਜ਼ਿਲ੍ਹਾ ਸਿੱਖਿਆ ਅਫਸਰਾਂ ਤੋਂ ਪਰੀਖਿਅਕਾਂ ਦੇ ਨਾਂ ਮੰਗਵਾਂ ਕੇ ਉਹਨਾਂ ਦੀ ਮਾਰਕਿੰਗ ਲਈ ਡਿਊਟੀ ਲਗਾਈ ਜਾਂਦੀ ਹੈ।
5. ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ ਦੀ ਪਰੀਖਿਆ ਨਾਲ ਸੰਬੰਧਿਤ ਉੱਤਰ-ਪੱਤਰੀਆਂ ਦੇ ਬੰਡਲਾਂ ਦੀ ਓਪਨਿੰਗ ਕਰਵਾਉਣ ਸਮੇਂ ਅਪੰਗ ਪਰੀਖਿਆਰਥੀਆਂ ਅਤੇ ਯੂ.ਐਮ.ਸੀ. ਸ਼ਾਖਾ ਨਾਲ ਸੰਬੰਧਿਤ ਉੱਤਰ-ਪੱਤਰੀਆਂ ਨੂੰ ਅਲੱਗ ਕਰਨ ਉਪਰੰਤ ਕੰਪਿਊਟਰ ਫ਼ਰਮ ਨੂੰ ਬਾਰ ਕੋਡ ਲਈ ਭੇਜਿਆ ਜਾਂਦਾ ਹੈ ਅਤੇ ਬਾਰ ਕੋਡ ਲੱਗੀਆਂ ਉੱਤਰ-ਪੱਤਰੀਆਂ ਨੂੰ ਸੀਲਡ ਕਰਕੇ ਮਾਰਕਿੰਗ ਲਈ ਮੁਲਾਂਕਣ ਕੇਂਦਰਾਂ ਵਿਖੇ ਭਿਜਵਾਇਆ ਜਾਂਦਾ ਹੈ।
6. ਮੁਲਾਂਕਣ ਉਪਰੰਤ ਅਵਾਰਡਾਂ ਪ੍ਰਾਪਤ ਕਰਨਾ, ਅਵਾਰਡਾਂ ਤੇ ਸਟੈਪਿੰਗ ਅਤੇ ਰਜਿਸਟਰ ਵਿੱਚ ਦਰਜ ਕਰਵਾਉਣ ਉਪਰੰਤ ਪਰੀਖਿਆ ਸ਼ਾਖਾਵਾਂ ਨੂੰ ਰਸੀਵ ਕਰਵਾਉਣਾ।
7. ਪਰੀਖਿਆਵਾਂ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਰੀਚੈਕਿੰਗ ਲਈ ਆਏ ਫ਼ਾਰਮਾਂ ਦੀਆਂ ਉੱਤਰ-ਪੱਤਰੀਆਂ ਮਾਰਕਿੰਗ ਕੇਂਦਰਾਂ ਤੋਂ ਮੰਗਵਾਉਣਾ ਅਤੇ ਉੱਤਰ-ਪੱਤਰੀਆਂ ਤਰਤੀਬਵਾਰ ਕਰਕੇ ਕਾਰਜ ਸੰਚਾਲਨ ਸ਼ਾਖਾ ਨੂੰ ਸਪਲਾਈ ਕਰਨਾ।
8. ਯੂ.ਐਮ.ਸੀ. ਵਾਲੇ ਨੋ ਐਕਸ਼ਨ ਹੋਏ ਕੇਸਾਂ ਦੀਆਂ ਉੱਤਰ-ਪੱਤਰੀਆਂ ਦੀ ਮਾਰਕਿੰਗ ਕਰਵਾਉਣਾ ਅਤੇ ਆਰ. ਐਲ. ਏ. ਕੇਸਾਂ ਨੂੰ ਹੱਲ ਕਰਵਾਉਣਾ।
9. ਬੋਰਡ ਦੀ ਕਾਰਜ ਸੰਚਾਲਨ ਸ਼ਾਖਾ ਵੱਲੋਂ ਪਰੀਖਿਆ ਕੇਂਦਰ ਸਥਾਪਤ ਕੀਤੇ ਜਾਂਦੇ ਹਨ ਅਤੇ ਪਰੀਖਿਆ ਸ਼ਾਖਾਵਾਂ ਨਾਲ਼ ਤਾਲਮੇਲ ਕਰਕੇ ਪਰੀਖਿਆਵਾਂ ਲਈ ਪਰੀਖਿਆਰਥੀਆਂ ਦੀ ਕੰਸੋਲੀਡੇਸ਼ਨ ਕਰਵਾਈ ਜਾਂਦੀ ਹੈ।
10. ਪਰੀਖਿਆ ਦੇ ਸੰਚਾਲਨ ਸੰਬੰਧੀ ਨਿਗਰਾਨ ਅਮਲੇ ਦੀਆਂ ਨਿਯੁਕਤੀਆਂ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ.) ਪਾਸੋਂ ਪੋਰਟਲ ਤੇ Online ਅਧਿਆਪਕਾਂ ਦੇ ਵੇਰਵੇ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਇਹਨਾਂ ਦੀ ਨਿਯੁਕਤੀ ਕਰਨ ਉਪਰੰਤ ਨਿਯੁਕਤੀ ਪੱਤਰ ਅਤੇ ਸੂਚੀਆਂ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸ) ਨੂੰ ਭੇਜੀਆਂ ਜਾਂਦੀਆਂ ਹਨ।
11. ਲਿਖਤੀ ਅਤੇ ਪ੍ਰਯੋਗੀ ਪਰੀਖਿਆਵਾਂ ਨੂੰ ਨਕਲ ਰਹਿਤ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ, ਐਸ.ਐਸ.ਪੀਜ਼, ਪ੍ਰਮੁੱਖ ਸਕੱਤਰ, ਸਿਹਤ

ਵਿਭਾਗ, ਜਿਲ੍ਹਾ ਸਿੱਖਿਆ ਅਫਸਰ(ਸ) ਅਤੇ ਜ਼ਿਲ੍ਹਾ ਮੈਨੇਜਰ, ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪੱਤਰ ਭੇਜੇ ਜਾਂਦੇ ਹਨ।

12. ਪ੍ਰਸ਼ਨ ਪੱਤਰਾਂ ਨੂੰ ਬੈਂਕਾਂ ਦੀ ਸੇਫ਼ ਕਸਟੱਡੀ ਵਿੱਚ ਰੱਖਣ ਲਈ ਦਫ਼ਤਰ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿਲ੍ਹੇਵਾਰ ਡਿਊਟੀ ਲਗਾਈ ਜਾਂਦੀ ਹੈ।

13. ਪ੍ਰਯੋਗੀ ਪਰੀਖਿਅਕਾਂ ਦੀਆਂ ਨਿਯੁਕਤੀਆਂ ਜ਼ਿਲ੍ਹਾ ਸਿੱਖਿਆ ਅਫਸਰ(ਸ) ਵੱਲੋਂ ਸਿਫਾਰਸ਼ ਕਰਕੇ ਭੇਜੀਆਂ ਗਈਆਂ ਸੂਚੀਆਂ ਵਿੱਚੋਂ ਕੀਤੀਆਂ ਜਾਂਦੀਆਂ ਹਨ ਅਤੇ ਪ੍ਰਯੋਗੀ ਪਰੀਖਿਆ ਲਈ ਪਰੀਖਿਆ ਕੇਂਦਰ ਸਥਾਪਤ ਕੀਤੇ ਜਾਂਦੇ ਹਨ। ਪਰੀਖਿਆਵਾਂ ਨੂੰ ਨਕਲ ਰਹਿਤ ਕਰਵਾਉਣ ਲਈ ਫਲਾਇੰਗ ਸਕੁਐਡ ਤਾਇਨਾਤ ਕੀਤੇ ਜਾਂਦੇ ਹਨ।

14. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ 1969 ਅਨੁਸਾਰ ਬੋਰਡ ਦੀਆਂ ਅਹਿਮ ਜ਼ਿੰਮੇਵਾਰੀਆਂ ਨੂੰ ਮੁੱਖ ਰੱਖਦੇ ਹੋਏ ਬੋਰਡ ਵੱਲੋਂ ਸਾਲ 1970 ਵਿੱਚ ਵਿੱਦਿਅਕ ਯੋਜਨਾ ਸ਼ਾਖਾ ਸਥਾਪਿਤ ਕੀਤੀ ਗਈ। ਇਸ ਸ਼ਾਖਾ ਦੇ ਮੁਖੀ ਦਾ ਪਦਨਾਮ ਡਾਇਰੈਕਟਰ (ਵਿੱਦਿਅਕ ਯੋਜਨਾ ਅਤੇ ਮੁਲਾਂਕਣ) ਰੱਖਿਆ ਗਿਆ। ਸਾਲ 1973 ਵਿੱਚ ਇਸ ਸ਼ਾਖਾ ਦੇ ਪੁਨਰ-ਗਠਨ ਉਪਰੰਤ ਸ਼ਾਖਾ ਦਾ ਨਾਂ **"ਮੁਲਾਂਕਣ, ਸਿੱਖਿਆ ਕ੍ਰਮ ਅਤੇ ਯੋਜਨਾ"** ਰੱਖਿਆ ਗਿਆ। ਸਾਲ 1985 ਵਿੱਚ ਨਵੀਂ ਸੀਨੀਅਰ ਸੈਕੰਡਰੀ ਸਕੀਮ ਲਈ ਬੋਰਡ ਵਿੱਚ ਵੱਖਰਾ +2 ਵਿੰਗ ਕਾਇਮ ਕੀਤਾ ਗਿਆ। ਪਿਛਲੇ ਲੰਮੇ ਅਰਸੇ ਤੋਂ ਅਕਾਦਮਿਕ ਅਤੇ ਯੋਜਨਾ ਸ਼ਾਖਾ ਨੇ ਆਪਣੀ ਅਕਾਦਮਿਕ ਅਤੇ ਪ੍ਰਬੰਧਕੀ ਮੁਹਾਰਤ ਨਾਲ ਪੰਜਾਬ ਰਾਜ ਵਿੱਚ ਸਕੂਲ ਸਿੱਖਿਆ ਦੇ ਵਾਧੇ ਅਤੇ ਵਿਕਾਸ ਨੂੰ ਸਫ਼ਲਤਾ ਪੂਰਵਕ ਬਣਾਈ ਰੱਖਿਆ ਹੈ। ਇਹ ਸ਼ਾਖਾ ਸਕੂਲੀ ਵਿਦਿਆਰਥੀਆਂ ਨੂੰ ਜ਼ਿੰਮੇਵਾਰ, ਗਿਆਨਵਾਨ ਬਣਾਉਣ ਦੇ ਨਾਲ ਹੀ ਭਵਿੱਖ ਦੇ ਮੁਕਾਬਲਿਆਂ ਅਤੇ ਚੁਣੌਤੀਆਂ ਦੇ ਲਈ ਤਿਆਰ ਬਰ ਤਿਆਰ ਕਰਨ ਵਿੱਚ ਸਹਾਇਕ ਬਣਦੀ ਹੈ। ਨਾਲ ਹੀ ਪੰਜਾਬ ਰਾਜ ਦੀਆਂ ਲੋੜਾਂ ਅਨੁਸਾਰ ਤਿਆਰ ਵਿੱਦਿਅਕ ਯੋਜਨਾਵਾਂ ਨੂੰ ਲਾਗੂ ਕਰਨ ਲਈ ਵੀ ਜ਼ਿੰਮੇਵਾਰੀ ਨਿਭਾਂਉਂਦੀ ਹੈ।

15. ਸਕੂਲ ਸਿੱਖਿਆ ਲਈ ਲੋੜੀਂਦੇ ਪਾਠਕ੍ਰਮ, ਸਕੀਮ ਆਫ ਸਟੱਡੀਜ਼ ਅਤੇ ਪਾਠ-ਪੁਸਤਕਾਂ ਨਿਰਧਾਰਿਤ ਕਰਨਾ, ਪਾਠ-ਪੁਸਤਕਾਂ ਅਤੇ ਹੋਰ ਵਿੱਦਿਅਕ ਸਮਗਰੀ ਨੂੰ ਤਿਆਰ ਕਰਨਾ, ਲਿਖਵਾਉਣਾ ਅਤੇ ਸੰਕਲਨ ਕਰਨਾ ਹੈ। ਜਿਸਦੇ ਕਾਪੀ ਰਾਈਟ ਬੋਰਡ ਵੱਲੋਂ ਸਰਕਾਰ ਪਾਸ ਰਾਖਵੇਂ ਹੁੰਦੇ ਹਨ।

16. ਸਮੇਂ ਸਮੇਂ ਪੁਸਤਕਾਂ ਦੀ ਸ਼ਬਦਾਵਲੀ ਦੀ ਦਰਜਾਬੰਦੀ ਸੰਬੰਧੀ ਖੋਜ ਦਾ ਪ੍ਰਾਵਧਾਨ ਕਰਨਾ ਅਤੇ ਪਾਠ-ਪੁਸਤਕਾਂ ਅਤੇ ਹੋਰ ਪਾਠ ਸਮਗਰੀ ਨੂੰ ਨਿਯਮਿਤ ਤੌਰ ਤੇ ਰੀਵਿਊ ਕਰਨਾ।

17. ਸਕੂਲੀ ਸਿੱਖਿਆ ਦੀ ਗੁਣਵੱਤਾ ਨੂੰ ਉੱਚਾ ਚੁੱਕਣ ਲਈ ਸਮੇਂ ਸਮੇਂ ਤੇ ਲੈਕਚਰ, ਪ੍ਰਦਰਸ਼ਨ, ਵਿੱਦਿਅਕ ਟੂਰ, ਪ੍ਰਦਰਸ਼ਨੀਆਂ, ਸੈਮੀਨਾਰ ਅਤੇ ਸਿੰਪੋਜੀਆਂ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ।

18. ਖੇਡਾਂ ਅਤੇ ਸਰੀਰਿਕ ਵਿਕਾਸ ਸੰਬੰਧੀ ਗਤੀਵਿਧਿਆਂ ਨੂੰ ਪ੍ਰੋਤਸਾਹਿਤ ਕਰਨਾ, ਨੈਸ਼ਨਲ ਅਤੇ ਰਾਜ ਦੀਆਂ ਸਿੱਖਿਆ ਪਾਲਸੀਆਂ ਨੂੰ ਲਾਗੂ ਕਰਨਾ।

19. ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਪਾਠ-ਕ੍ਰਮ ਨੂੰ ਤਿਆਰ ਕਰਨ/ਸੋਧਣ ਉਪਰੰਤ ਪਾਠ ਪੁਸਤਕਾਂ ਨੂੰ ਨੈਸ਼ਨਲ ਅਤੇ ਸਟੇਟ ਕਰੀਕੁਲੱਮ ਫਰੇਮ ਵਰਕ ਦੀਆਂ ਸ਼ਿਫਾਰਿਸ਼ਾਂ ਦੀ ਲੋਅ ਵਿੱਚ ਤਿਆਰ ਕਰਨਾ।

20. ਦਸਵੀਂ ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਸਾਰੇ ਵਿਸ਼ਿਆਂ ਦੀਆਂ ਬੋਰਡ ਪਰੀਖਿਆਵਾਂ ਲਈ ਪ੍ਰਸ਼ਨ ਪੱਤਰ ਤਿਆਰ ਕਰਨ ਹਿੱਤ ਪੇਪਰ ਬਨਾਉਣ ਵਾਲੇ ਅਧਿਆਪਕਾਂ (ਪੇਪਰ ਸੈਟਰਜ਼) ਨੂੰ ਹਦਾਇਤਾਂ ਜਾਰੀ ਕਰਨਾ ਅਤੇ ਉੱਤਰ ਪੱਤਰੀਆ ਦਾ ਮੁਲਾਂਕਣ ਕਰਨ ਲਈ ਹਿਦਾਇਤਾਂ

21. ਕੇਂਦਰ ਸਰਕਾਰ, ਰਾਜ ਸਰਕਾਰ, ਦੇਸ ਦੇ ਵੱਖ-ਵੱਖ ਬੋਰਡਾਂ, ਅੰਤਰ ਰਾਸ਼ਟਰੀ ਬੋਰਡਾਂ COBSE, ਐਨ.ਸੀ.ਈ.ਆਰ.ਟੀ., ਸਰਵ ਸਿੱਖਿਆ ਅਭਿਆਨ ਅਥਾਰਟੀ, ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਅਥਾਰਟੀ ਤੋਂ ਪ੍ਰਾਪਤ ਹਿਦਾਇਤਾਂ ਦੀ ਘੋਖ ਕਰਨ ਉਪਰੰਤ ਵਿੱਦਿਅਕ ਢਾਂਚੇ ਵਿੱਚ ਉਹਨਾਂ ਨੂੰ ਸ਼ਾਮਿਲ ਕਰਨ ਦਾ ਕੰਮ ਕੀਤਾ ਜਾਂਦਾ ਹੈ।

22 ਅਕਾਦਮਿਕ ਸ਼ਾਖਾ ਵੱਲੋਂ ਪ੍ਰਾਇਮਰੀ, ਮਿਡਲ, ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ ਤੇ ਪੜ੍ਹਾਈ ਸਕੀਮ (ਸਕੀਮ ਆਫ਼ ਸਟਡੀਜ਼) ਤਿਆਰ ਕਰਕੇ ਲਾਗੂ ਕੀਤੀ ਜਾਂਦੀ ਹੈ।

23. ਓਪਨ ਸਕੂਲ ਪ੍ਰਨਾਲੀ ਲਈ ਪਾਠ ਸਮਗਰੀ, ਅਭਿਆਸ, ਪ੍ਰਸ਼ਨ-ਪੱਤਰ ਅਤੇ ਆਂਤਰਿਕ ਮੁਲਾਂਕਣ ਪੱਤਰ ਜਾਰੀ ਕਰਨਾ, ਬਾਹਰੀ ਬੋਰਡਾਂ (ਰਾਸ਼ਟਰੀ ਅਤੇ ਅੰਤਰ ਰਾਸ਼ਟਰੀ) ਦੇ ਵਿੱਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਅਗਲੀ ਪੜ੍ਹਾਈ ਜਾਰੀ ਰੱਖਣ ਲਈ ਸਮਾਨਤਾ ਪੱਤਰ ਜਾਰੀ ਕਰਨਾ।

24. ਓਪਨ ਸਕੂਲ ਸ਼ਾਖਾ ਵਲੋਂ ਹਰ ਅਕਾਦਮਿਕ ਸਾਲ ਸ਼ੁਰੂ ਹੁੰਦੇ ਸਾਰ ਦਸਵੀਂ-ਬਾਰਵੀਂ ਸ਼੍ਰੇਣੀਆਂ ਲਈ ਅਧਿਐਨ ਕੇਂਦਰ ਸਥਾਪਤ ਕਰਨ ਲਈ ਪ੍ਰਤੀ ਬੇਨਤੀਆਂ ਮੰਗੀਆਂ ਜਾਂਦੀਆਂ ਹਨ ਤੇ ਇਹ ਬੇਨਤੀਕਾਰ ਸੰਸਥਾਵਾਂ ਦੀ ਐਫ਼ਲੀਏਸ਼ਨ ਅਤੇ ਹੋਰ ਸਹੂਲਤਾਂ ਚੈੱਕ ਕਰਨ ਮਗਰੋਂ ਐਕਰੀਡਿਟੇਸ਼ਨ ਦਿਤੀ ਜਾਂਦੀ ਹੈ।

25. ਇਸ ਦੇ ਨਾਲ ਹੀ ਸਬੰਧਤ ਅਕਾਦਮਿਕ ਸਾਲ ਲਈ ਲੋੜੀਂਦੀ ਪਾਠ ਸਮੱਗਰੀ ਤਿਆਰ ਕਰਵਾਈ ਜਾਂਦੀ ਹੈ ਅਤੇ ਦਸਵੀਂ ਤੇ ਬਾਰਵੀਂ ਜਮਾਤਾਂ ਦੇ ਸਿਲੇਬਸ, ਪ੍ਰਾਸਪੈਕਟਸ ਆਦਿ ਆਨਲਾਈਨ ਅਤੇ ਆਫਲਾਈਨ ਵਿਦਿਆਰਥੀਆਂ ਲਈ ਅਤੇ ਅਗਵਾਈ ਲੀਹਾਂ ਸਬੰਧਤ ਸੰਸਥਾਵਾਂ ਲਈ ਤਿਆਰ ਕਰਕੇ ਭੇਜੇ ਜਾਂਦੇ ਹਨ।

26. ਸਕੂਲੀ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਸਹਿ- ਅਕਾਦਮਿਕ ਵਿੱਦਿਅਕ ਮੁਕਾਬਲੇ 22 ਜ਼ਿਲ੍ਹਿਆਂ ਲਈ ਤਿੰਨ ਪੱਧਰਾਂ:-1. ਜ਼ਿਲ੍ਹਾ-ਪੱਧਰ 2. ਖੇਤਰ-ਪੱਧਰ ਅਤੇ 3. ਰਾਜ-ਪੱਧਰ ਤੱਕ ਕਰਵਾਏ ਜਾਂਦੇ ਹਨ। ਇਹ ਮੁਕਾਬਲੇ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਤਿੰਨ ਵਰਗਾਂ ਵਿੱਚ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਕੁੱਲ 17 ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਮੈਡਲਜ਼/ਟਰਾਫ਼ੀਆਂ/ਸਰਟੀਫਿਕੇਟ ਦਿੱਤੇ ਜਾਂਦੇ ਹਨ। ਵਿਦਿਆਰਥੀਆਂ ਦੀ ਜਿੱਤ ਨੂੰ ਪਰਖਣ ਲਈ ਵੱਖ-ਵੱਖ ਮੁਕਾਬਲਿਆਂ ਨਾਲ ਸੰਬੰਧਿਤ ਮਾਹਰ ਜੱਜ (ਸਕੂਲਾਂ ਦੇ ਅਧਿਆਪਕ) ਨਿਯੁਕਤ ਕੀਤੇ ਜਾਂਦੇ ਹਨ।

27. ਖੇਤਰ ਵਿੱਚੋਂ ਮੰਗ ਆਉਣ ਤੇ ਵਿੱਦਿਅਕ ਮੁਕਾਬਲਿਆਂ ਦੀਆਂ ਜੇਤੂ ਟੀਮਾਂ ਲਈ ਵਿੱਦਿਅਕ ਪ੍ਰੋਜੈਕਟਲਗਾਏ ਜਾਂਦੇ ਹਨ।

28. ਹਰ ਸਾਲ ਪੰਜਾਬ ਰਾਜ ਦੇ ਸਕੂਲਾਂ ਦੇ 40% ਤੋਂ ਵੱਧ ਅੰਗਹੀਣ ਵਿੱਦਿਆਰਥੀਆਂ ਨੂੰ ਚੈਕਾਂ ਰਾਹੀਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

29. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਮੈਰਿਟ ਤੇ ਆਉਣ ਵਾਲੇ ਵਿੱਦਿਆਰਥੀਆਂ ਦੇ ਸੈਮੀਨਾਰ ਅਤੇ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ।

30. ਪੰਜਾਬ ਸਰਕਾਰ ਵੱਲੋਂ ਸਾਲ 1978-79 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪੰਜਾਬ ਰਾਜ ਦੇ ਪੇਂਡੂ ਖੇਤਰ ਵਿੱਚ ਗੁਣਾਤਮਿਕ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਅਧੀਨ ਸਾਲ 1979-80 ਦੌਰਾਨ ਬੋਰਡ ਵੱਲੋਂ ਪਹਿਲੇ ਪੜਾਅ ਵਿੱਚ 6 ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਧਰਦਿਓ ਬੁੱਟਰ (ਅੰਮ੍ਰਿਤਸਰ), ਸ਼ਹਿਜਾਦਾ ਸੰਤ ਸਿੰਘ(ਫਿਰੋਜਪੁਰ), ਭਾਗੂ (ਸ੍ਰੀ ਮੁਕਤਸਰ ਸਾਹਿਬ), ਸੀਰਵਾਲੀ ਭੰਗੇਵਾਲਾ (ਸ੍ਰੀ ਮੁਕਤਸਰ ਸਾਹਿਬ), ਨੰਦਗੜ੍ਹ (ਬਠਿੰਡਾ) ਅਤੇ ਖਟਕੜਕਲਾਂ (ਸ਼ਹੀਦ ਭਗਤ ਸਿੰਘ ਨਗਰ) ਸਥਾਪਿਤ ਕੀਤੇ ਗਏ। ਦੂਸਰੇ ਪੜਾਅ ਵਿੱਚ 3 ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ (ਸ੍ਰੀ ਮੁਕਤਸਰ ਸਾਹਿਬ), ਖੰਬਾ (ਮੋਗਾ) ਅਤੇ ਜਵਾਹਰ ਸਿੰਘ ਵਾਲਾ (ਮੋਗਾ) ਵਿਖੇ ਸਾਲ 1999, 2000 ਅਤੇ 2001 ਵਿੱਚ ਸ਼ੁਰੂ ਕੀਤੇ ਗਏ।

ਤੀਸਰੇ ਪੜਾਅ ਵਿੱਚ ਸਾਲ 2010 ਅਤੇ 2012 ਦੌਰਾਨ 2 ਸਕੂਲ ਰਾਣੀਵਾਲਾ ਅਤੇ ਈਨਾਖੇੜਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਸਥਾਪਿਤ ਕੀਤੇ ਗਏ। ਮੌਜੂਦਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ: | **ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਦੇ ਨਾਂ** |
|---|---|
| 1 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਧਰਦਿਓ ਬੁੱਟਰ (ਸ੍ਰੀ ਅੰਮ੍ਰਿਤਸਰ ਸਾਹਿਬ) |
| 2 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਨੰਦਗੜ (ਬਠਿੰਡਾ) |
| 3 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਸ਼ਹਿਜ਼ਾਦਾ ਸੰਤ ਸਿੰਘ (ਫਿਰੋਜ਼ਪੁਰ) |
| 4 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਜਵਾਹਰ ਸਿੰਘ ਵਾਲਾ (ਮੋਗਾ) |
| 5 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਖੰਭਾ (ਮੋਗਾ) |
| 6 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਭਾਗੂ (ਸ੍ਰੀ ਮਕੁਤਸਰ ਸਾਹਿਬ) |
| 7 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਭਾਈ (ਸ੍ਰੀ ਮੁਕਤਸਰ ਸਾਹਿਬ) |
| 8 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਸੀਰਵਾਲੀ ਭੰਗੇਵਾਲੀ (ਸ੍ਰੀ ਮੁਕਤਸਰ ਸਾਹਿਬ) |
| 9 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) |
| 10 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਈਨਾਖੇੜਾ (ਸ੍ਰੀ ਮੁਕਤਸਰ ਸਾਹਿਬ) |
| 11 | ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਰਾਣੀਵਾਲਾ (ਸ੍ਰੀ ਮੁਕਤਸਰ ਸਾਹਿਬ) |

31. ਬੋਰਡ ਦੇ ਆਦਰਸ਼ ਸਕੂਲ ਸੈੱਲ ਦੇ ਮੁੱਖ ਕਾਰਜ ਸਕੂਲਾਂ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਸੰਬੰਧੀ (ਪ੍ਰਬੰਧਕੀ, ਅਕਾਦਮਿਕ,ਅਮਲੇ ਦਾ ਰੱਖ ਰਖਾਵ, ਬਦਲੀਆਂ, ਇਨਫਰਾਸਟਕਚਰ ਅਤੇ ਸਪੋਰਟਸ ਆਦਿ) ਬੋਰਡ ਦੀਆਂ ਵੱਖ ਵੱਖ ਸ਼ਾਖਾਵਾਂ ਨਾਲ ਕੋਆਰਡੀਨੇਟ ਕਰਨਾ, ਮੁੱਖ ਦਫਤਰ ਤੋਂ ਸਕੂਲ ਪੱਧਰ ਤੇ ਲੋੜੀਂਦੀਆਂ ਵਿੱਤੀ ਪ੍ਰਵਾਨਗੀਆਂ ਲੈ ਕੇ ਦੇਣਾ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣਾ ਹੈ।

32. ਬੋਰਡ ਦੀ ਪੰਜਾਬੀ ਵਿਕਾਸ ਕੇਂਦਰ ਸ਼ਾਖਾ ਵੱਲੋਂ ਪਾਠ-ਕ੍ਰਮ ਉਲੀਕਣ, ਪਾਠ-ਪੁਸਤਕਾਂ ਤਿਆਰ ਕਰਨ, ਅਧਿਆਪਕਾਂ ਲਈ ਅਗਵਾਈ ਲੀਹਾਂ ਤਿਆਰ ਕਰਨਾ, ਪੇਪਰ ਸੈਟਰਾਂ ਲਈ ਹਦਾਇਤਾਂ ਅਤੇ ਨਮੂਨੇ ਦੇ ਪ੍ਰਸ਼ਨ ਪੱਤਰ ਤਿਆਰ ਕਰਨ ਅਤੇ ਸਮੇਂ-ਸਮੇਂ 'ਤੇ ਉੱਚ ਅਧਿਕਾਰੀਆਂ ਵੱਲੋਂ ਦਿੱਤੇ ਜਾਂਦੇ ਕਾਰਜਾਂ ਨੂੰ ਨੇਪਰੇ ਚਾੜਿਆ ਜਾਂਦਾ ਹੈ।

33. ਪੰਜਾਬ ਵਿੱਚ ਸਕੂਲੀ ਵਿਦਿਆਰਥੀਆਂ ਲਈ ਵਿੱਦਿਅਕ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜਦੋਂ 1969 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਥਾਪਨਾ ਹੋਈ ਤਾਂ

ਪੰਜਾਬ ਸਕੂਲ ਬੋਰਡ ਵੱਲੋਂ ਵਿਦਿਆਰਥੀਆਂ ਦੇ ਬਹੁ ਪੱਖੀ ਵਿਕਾਸ ਲਈ ਕਈ ਮਹੱਤਵਪੂਰਨ ਵਿਉਂਤਾਂ ਘੜੀਆਂ ਗਈਆਂ। ਬਾਲ ਮਨਾਂ ਅੰਦਰ ਛੁਪੀ ਸਾਹਿਤਕ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਮਕਸਦ ਨਾਲ ਬੋਰਡ ਵੱਲੋਂ ਇੱਕ ਅਜਿਹੇ ਬਾਲ ਰਸਾਲੇ ਦੀ ਪ੍ਰਕਾਸ਼ਨਾ ਕਰਨ ਦੀ ਯੋਜਨਾ ਉਲੀਕੀ ਗਈ ਜਿਹੜੀ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਵਿੱਚ ਸਹਾਈ ਹੋਵੇ। ਇਸ ਮਕਸਦ ਦੀ ਪੂਰਤੀ ਲਈ ਪੰਖੜੀਆਂ ਬਾਲ ਰਸਾਲੇ ਦੀ ਜਨਵਰੀ 1971 ਵਿੱਚ ਮੁਲਾਂਕਣ ਅਤੇ ਵਿੱਦਿਅਕ ਯੋਜਨਾ ਸ਼ਾਖਾ ਵੱਲੋਂ ਡਾਇਰੈਕਟਰ ਦੀ ਅਗਵਾਈ ’ਚ ਸ਼ੁਰੂਆਤ ਕੀਤੀ ਗਈ।

34. ਬੋਰਡ ਵੱਲੋਂ ਅਧਿਆਪਕਾਂ ਦੀ ਲੋੜ ਮੁਤਾਬਿਕ ਸਤੰਬਰ 1975 ’ਚ ਤ੍ਰੈਮਾਸਿਕ ਸਕੂਲ ਐਜੂਕੇਸ਼ਨ ਨਾਂ ਦਾ ਅੰਗਰੇਜੀ ’ਚ ਰਸਾਲਾ ਵੀ ਸ਼ੁਰੂ ਕੀਤਾ ਗਿਆ ਸੀ। ਜੋ ਕਿ ਬਾਅਦ ਵਿੱਚ ਅੰਗਰੇਜ਼ੀ/ਪੰਜਾਬੀ ਦੋਹਾਂ ਭਾਸ਼ਾਵਾਂ ’ਚ ਲੰਮਾ ਸਮਾਂ ਛਪਦਾ ਰਿਹਾ ਹੈ।

35. ਇਸੇ ਤਰ੍ਹਾਂ ਸਕੂਲ ਬੋਰਡ ਵੱਲੋਂ ਛੋਟੀ ਉਮਰ ਦੇ ਬੱਚਿਆਂ ਦੀ ਪ੍ਰਤਿਭਾ ਤੇ ਹੁਨਰ ਨੂੰ ਪ੍ਰਫੁੱਲਤ ਕਰਨ ਦੇ ਲਈ ਤੇ ਵਿੱਦਿਅਕ ਖੇਤਰ ਚੋਂ ਕੀਤੀ ਗਈ ਮੰਗ ਅਨੁਸਾਰ ਇੱਕ ਹੋਰ ਬਾਲ ਰਸਾਲੇ ਪ੍ਰਾਇਮਰੀ ਸਿੱਖਿਆ ਦਾ ਪ੍ਰਕਾਸ਼ਨ ਮਈ 1980 ਵਿੱਚ ਸ਼ੁਰੂ ਕੀਤਾ ਗਿਆ ।

36. ਇੱਥੇ ਵਿਸ਼ੇਸ਼ ਤੌਰ ਤੇ ਦੱਸਿਆ ਜਾਂਦਾ ਹੈ ਕਿ ਪ੍ਰਾਇਮਰੀ ਬਾਲ ਰਸਾਲਾ ਛੋਟੇ ਬੱਚਿਆਂ ਖ਼ਾਸ ਕਰਕੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਬੌਧਿਕ ਪੱਧਰ ਉੱਚਾ ਚੁੱਕਣ ਲਈ ਅਤੇ ਉਹਨਾਂ ਵਿੱਚ ਸਾਹਿਤਕ ਸ਼ੌਕ ਪੈਦਾ ਕਰਨ ਲਈ ਵਿਸ਼ੇਸ਼ ਯੋਗਦਾਨ ਅਦਾ ਕਰ ਰਿਹਾ ਹੈ।

37. ਇਹ ਪੰਜਾਬੀ ਦਾ ਪਹਿਲਾ ਅਤੇ ਇੱਕੋ-ਇੱਕ ਬਾਲ ਰਸਾਲਾ ਹੈ ਜਿਹੜਾ ਕੇਵਲ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਵਿੱਚ ਛੋਟੇ ਬੱਚਿਆਂ ਦੇ ਮਾਨਸਿਕ ਤੇ ਬੌਧਿਕ ਪੱਧਰ ਅਨੁਸਾਰ ਗਿਆਨ ਵਰਧਕ ਅਤੇ ਰੌਚਕ ਬਾਲ ਸਾਹਿਤ ਛਾਪਿਆ ਜਾਂਦਾ ਹੈ।

38. ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਬਾਲ ਰਸਾਲਿਆਂ ਦੇ ਵਿਸ਼ੇਸ਼ ਪੱਖ ਬਾਰੇ ਇੱਥੇ ਦੱਸਿਆ ਜਾਂਦਾ ਹੈ ਕਿ ਇਹ ਦੋਵੇਂ ਰਸਾਲੇ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਮੌਕਾ ਦੇਣ ਅਤੇ ਚਮਕਾਉਣ ਦਾ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

39. ਬੋਰਡ ਦੀਆਂ ਪਾਠ ਪੁਸਤਕਾਂ ’ਚ ਸ਼ਾਮਲ ਹੋਣ ਤੋਂ ਰਹਿ ਗਈਆਂ ਰਚਨਾਵਾਂ ਅਤੇ ਵਿਸ਼ਿਆਂ ਨੂੰ ਵੀ ਦੋਵਾਂ ਰਸਾਲਿਆਂ ’ਚ ਖਾਸ ਥਾਂ ਦਿੱਤੀ ਜਾਂਦੀ ਹੈ।

40. ਬੱਚਿਆਂ ’ਚ ਨਰੋਈਆਂ ਕਦਰਾਂ ਕੀਮਤਾਂ ਦਾ ਪ੍ਰਵਾਹ ਚਲਾਉਣ, ਆਪਣੇ ਵਿਰਸੇ, ਮਾਂ-ਬੋਲੀ ਤੋਂ ਜਾਣੂੰ ਕਰਾਉਣ ਲਈ ਵੀ ਇਹ ਰਸਾਲੇ ਮਹੱਤਵਪੂਰਨ ਯੋਗਦਾਨ ਨਿਭਾਅ ਰਹੇ ਹਨ।

41. ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਦਫ਼ਤਰ ਦੇ ਕੰਮ-ਕਾਜ ਲਈ ਅਤੇ ਪਬਲਿਕ ਦੀ ਸਹੂਲਤ ਲਈ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ 21 ਖੇਤਰੀ ਦਫ਼ਤਰ ਕਾਰਜਸ਼ੀਲ ਹਨ। ਇਹਨਾਂ ਖੇਤਰੀ ਦਫ਼ਤਰਾਂ ਦਾ ਮੁੱਖ ਕੰਮ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਟੈਕਸਟ ਬੁੱਕਸ ਸਪਲਾਈ ਕਰਨ ਦਾ ਹੈ। ਪਬਲਿਕ ਦੀ ਸਹੂਲਤ ਲਈ ਪਰੀਖਿਆਵਾਂ ਨਾਲ ਸੰਬੰਧਿਤ, ਫੀਸਾਂ ਨਾਲ ਸੰਬੰਧਿਤ ਅਤੇ ਸਕੂਲ ਦੇ ਰਿਕਾਰਡ ਆਦਿ ਨੂੰ ਵੈਰੀਫਾਈ ਕਰਨ ਨਾਲ ਸੰਬੰਧਿਤ ਕੰਮ ਕੀਤੇ ਜਾਂਦੇ ਹਨ। ਇਸ ਨਾਲ ਪਬਲਿਕ ਨੂੰ ਆਪਣੇ ਕੰਮ-ਕਾਜ ਲਈ ਮੁੱਖ ਦਫ਼ਤਰ ਵਿਖੇ ਆਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਉਹਨਾਂ ਦਾ ਸਮਾਂ ਅਤੇ ਪੈਸੇ ਦੀ ਬਚੱਤ ਹੁੰਦੀ ਹੈ ਅਤੇ ਦਫ਼ਤਰ ਦਾ ਕੰਮ ਜ਼ਿਲ੍ਹਾ ਪੱਧਰ ਤੇ ਹੀ ਹੱਲ ਹੋ ਜਾਂਦਾ ਹੈ।

| ਲੜੀ ਨੰ: | ਖੇਤਰੀ ਦਫ਼ਤਰ |
|---|---|
| 1. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ ਗੋਲਡਨ ਐਵਿਨਿਊ, 40 ਖੂਹ ਰੋਡ, ਅੰਮ੍ਰਿਤਸਰ। |
| 2. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬੀ ਭਵਨ, ਲੁਧਿਆਣਾ। |
| 3. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਲਾਲ ਕੋਠੀ, ਮਹਿਲਾਂ ਰੋਡ, ਸੰਗਰੂਰ |
| 4. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਿਵਲ ਸਟੇਸ਼ਨ, ਬਠਿੰਡਾ। |
| 5. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਸੀ.ਓ. ਨੰਬਰ 128, ਛੋਟੀ ਬਰਾਂਦਰੀ, ਪਟਿਆਲਾ। |
| 6. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ,ਪਿੰਡ ਅੱਤੇਵਾਲੀ, ਨਜ਼ਦੀਕ ਪਟਵਾਰ ਖਾਨਾ, ਫਤਿਹਗੜ੍ਹ ਸਾਹਿਬ। |
| 7. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਜੁਬਲੀ ਬਿਲਡਿੰਗ, ਜੁਬਲੀ ਚੌਕ, ਫਰੀਦਕੋਟ। |
| 8. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਬੀ.ਐਸ.ਸੀ. ਸੀਨੀ. ਸੈਕੰ. ਸਕੂਲ, ਫਿਰੋਜ਼ਪੁਰ ਸ਼ਹਿਰ। |
| 9. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਜਸ਼ਨ ਪੈਲੇਸ, ਤਿਬੜੀ ਰੋਡ, ਗੁਰਦਾਸਪੁਰ। |
| 10. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਮਣੇ ਡੀ.ਏ.ਵੀ. ਕਾਲਜ, ਗੜਸ਼ੰਕਰ ਰੋਡ, ਹੁਸ਼ਿਆਰਪੁਰ |
| 11. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਨਹਿਰੂ ਗਾਰਡਨ ਰੋਡ, ਜਲੰਧਰ। |
| 12. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਚਾਇਤ ਭਵਨ, ਕਪੂਰਥਲਾ। |
| 13. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਦਸ਼ਮੇਸ਼ ਪਬਲਿਕ ਸਕੂਲ, ਨੇੜੇ ਕਚਹਿਰੀਆਂ, ਮਾਨਸਾ। |
| 14. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਮਣੇ ਗੀਤਾ ਸਿਨੇਮਾ, ਮੋਗਾ। |
| 15. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਪੰਜਾਬ ਸਿੱਖਿਆ ਬੋਰਡ, ਮੁਹਾਲੀ। |
| 16. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਬਰਕੰਦੀ ਰੋਡ, ਨੇੜੇ ਪੈਟਰੋਲ ਪੰਪ, ਸ੍ਰੀ ਮੁਕਤਸਰ ਸਾਹਿਬ। |
| 17. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, 367/14, ਗਾਰਡਨ ਕਲੋਨੀ, ਪੱਟੀ। |
| 18. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਡਲਹੌਜੀ ਰੋਡ, ਪਠਾਨਕੋਟ। |
| 19. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਗਿਆਨੀ ਜੈਲ ਸਿੰਘ ਨਗਰ, ਰੋਪੜ। |
| 20. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਕਰਿਆਮ ਰੋਡ, ਨੇੜੇ ਰੇਲਵੇ ਸਟੇਸ਼ਨ, ਸ਼ਹੀਦ ਭਗਤ ਸਿੰਘ ਨਗਰ। |
| 21. | ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਗਲੀ ਨੰ: 6, ਗੋਬਿੰਦ ਨਗਰੀ, ਨਜ਼ਦੀਕ ਗੋਲਡਨ ਬੈਲਜ਼ ਪਬਲਿਕ ਸਕੂਲ, ਅਬੋਹਰ। |

42. ਬੋਰਡ ਵੱਲੋਂ ਵਿੱਦਿਅਕ ਸੈਸ਼ਨ ਦੌਰਾਨ ਪੜ੍ਹਾਈਆਂ ਜਾਣ ਵਾਲੀਆਂ ਪਾਠ ਪੁਸਤਕਾਂ ਦੀ ਛਪਾਈ ਲਈ ਲੋੜੀਂਦੇ ਕਾਗਜ਼ ਦੀ ਖਰੀਦ ਈ-ਟੈਂਡਰਿੰਗ ਵਿਧੀ ਰਾਹੀਂ ਕੀਤੀ ਜਾਂਦੀ ਹੈ। ਖਰੀਦ ਕੀਤੇ

ਕਾਗਜ਼ ਨੂੰ ਪਾਠ-ਪੁਸਤਕਾਂ ਦੀ ਛਪਾਈ ਲਈ ਵੱਖ ਵੱਖ ਪ੍ਰਿੰਟਿੰਗ ਪ੍ਰੈਸਾਂ ਨੂੰ ਪੇਪਰ ਸਟੋਰ ਵੱਲੋਂ ਜਾਰੀ ਕੀਤਾ ਜਾਂਦਾ ਹੈ।

43. ਬੋਰਡ ਵੱਲੋਂ ਪੁਸਤਕਾਂ ਸ਼ਾਖਾ ਵਲੋਂ ਖੇਤਰ ਵਿੱਚ ਸਥਿਤ ਸਮੂਹ ਖੇਤਰੀ ਦਫ਼ਤਰਾਂ ਰਾਹੀਂ ਪੁਸਤਕਾਂ ਦੀ ਸੇਲ ਕੀਤੀ ਜਾਂਦੀ ਹੈ ਜੋ ਏਜੰਸੀ ਹੋਲਡਰਾਂ, ਐਫਿਲੇਟਿਡ/ਐਸੋਸਿਏਟਿਡ ਸਕੂਲਾਂ ਰਾਹੀਂ ਕੀਤੀ ਜਾਂਦੀ ਹੈ। ਖੇਤਰੀ ਦਫ਼ਤਰਾਂ ਰਾਹੀਂ ਸਰਵ ਸਿੱਖਿਆ ਅਭਿਆਨ/ਭਲਾਈ ਵਿਭਾਗ ਵੱਲੋਂ ਪ੍ਰਾਪਤ ਮੰਗ ਅਨੁਸਾਰ ਸੰਬੰਧਿਤ ਬਲਾਕ ਪੱਧਰ ਤੇ ਪੁਸਤਕਾਂ ਦੀ ਸਪਲਾਈ ਕੀਤੀ ਜਾਂਦੀ ਹੈ।

44. ਵੱਖ-ਵੱਖ ਅਦਾਲਤਾਂ, ਮਾਨਯੋਗ ਸੁਪਰੀਮ ਕੋਰਟ, ਹਾਈ ਕੋਰਟ ਤੋਂ ਕੇਸ ਪ੍ਰਾਪਤ ਕਰਨ ਤੋਂ ਬਾਅਦ ਲੀਗਲ ਸੈੱਲ ਸਬੰਧਤ ਬਰਾਂਚਾਂ ਤੋਂ ਪੈਰਾਵਾਈਜ਼ ਤੱਥ ਪ੍ਰਾਪਤ ਕਰਦੇ ਹਨ ਅਤੇ ਸਮੱਰਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਐਡਵੋਕੇਟ ਦੀ ਨਿਯੁਕਤੀ ਕੀਤੀ ਜਾਂਦੀ ਹੈ। ਤੱਥਾਂ ਦਾ ਜਵਾਬ ਲੀਗਲ ਸੈੱਲ ਵੱਲੋਂ ਆਪਣੇ ਪੱਧਰ ਤੇ ਵੱਖੋ ਵਖਰੀਆਂ ਅਦਾਲਤਾਂ ਵਿੱਚ ਐਡਵੋਕੇਟਸ ਰਾਹੀਂ ਦਾਇਰ ਕੀਤਾ ਜਾਂਦਾ ਹੈ। ਜਵਾਬਦਾਵੇ ਵਿੱਚ ਦਰਜ ਤੱਥਾਂ ਦੀ ਪੁਸ਼ਟੀ ਸਬੰਧਤ ਸ਼ਾਖਾਵਾਂ ਤੋਂ ਕਰਵਾਉਣ ਉਪਰੰਤ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਉਪਰੰਤ ਸਕੱਤਰ ਜੀ ਤੋਂ ਜਵਾਬ ਹਸਤਾਖਰ ਕਰਵਾਇਆ ਜਾਂਦਾ ਹੈ ਅਤੇ ਬੋਰਡ ਦੇ ਪੈਨਲ ਤੇ ਨਿਯੁਕਤ ਸਬੰਧਤ ਵਕੀਲਾਂ ਨੂੰ ਮਾਨਯੋਗ ਅਦਾਲਤਾਂ ਵਿਖੇ ਦਾਇਰ ਕਰਨ ਲਈ ਭੇਜ ਦਿੱਤਾ ਜਾਂਦਾ ਹੈ।

45. ਬੋਰਡ, ਪੰਜਾਬ ਰਾਜ ਦੇ ਪ੍ਰਾਈਵੇਟ ਸਕੂਲਾਂ ਨੂੰ ਐਫੀਲੀਏਸ਼ਨ ਪ੍ਰਦਾਨ ਕਰਦਾ ਹੈ। ਇਸ ਕਾਰਜ ਸੰਬੰਧੀ ਐਫੀਲੀਏਸ਼ਨ ਵਿਨਿਯਮਾਂ ਸੰਬੰਧੀ ਲੋੜੀਂਦੀ ਜਾਣਕਾਰੀ ਬੋਰਡ ਦੀ ਵੈੱਬ ਸਾਇਟ www.pseb.ac.in ਤੇ ਉਪਲਬੱਧ ਹੈ। ਬੋਰਡ ਵੱਲੋਂ ਸਾਲ 2016-17 ਤੱਕ ਮੈਟ੍ਰਿਕ ਅਤੇ ਸੀਨੀਅਰ ਸੈਕੰਡਰੀ ਪੱਧਰ ਦੀਆਂ ਸੰਸਥਾਵਾਂ ਨੂੰ ਐਫੀਲੀਏਸ਼ਨ ਪ੍ਰਦਾਨ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਦੀ ਗਿਣਤੀ 2813 ਹੈ।

46. ਪੰਜਾਬ ਸਕੂਲ ਸਿੱਖਿਆ ਬੋਰਡ ਦੇ ਐਸੋਸੀਏਟਿਡ ਸਕੂਲਾਂ ਦੀ ਗਿਣਤੀ 2102 ਹੈ।

47. ਬੋਰਡ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਅਕਾਦਮਿਕ ਸ਼ਾਖਾ, ਰਜਿਸਟ੍ਰੇਸ਼ਨ ਅਤੇ ਮਾਈਗ੍ਰੇਸ਼ਨ, ਪ੍ਰੀਖਿਆ ਸ਼ਾਖਾ, ਕੰਡਕਟ ਸ਼ਾਖਾ, ਗੁਪਤ ਸ਼ਾਖਾ, ਲੇਖਾ ਸ਼ਾਖਾ, ਐਫੀਲਿਏਸ਼ਨ ਅਤੇ ਐਸੋਸੀਏਸ਼ਨ ਸ਼ਾਖਾਵਾਂ ਵੱਲੋਂ ਦਿੱਤੀਆਂ ਜਾਂਦੀਆਂ ਹਦਾਇਤਾਂ/ਜਰੂਰਤਾਂ/ਸ਼ਡਿਊਲ ਅਨੁਸਾਰ ਪ੍ਰੀਖਿਆਰਥੀਆਂ ਦਾ ਡਾਟਾ ਸਿੰਗਲ ਆਨ-ਲਾਈਨ ਰਜਿਸਟ੍ਰੇਸ਼ਨ ਪੋਰਟਲ ਰਾਹੀਂ ਆਨ-ਲਾਈਨ ਮੰਗਵਾਇਆ ਜਾਂਦਾ ਹੈ।

48. ਸਾਲ 1970 ਤੋਂ ਲੈ ਕੇ ਹੁਣ ਤੱਕ ਦੇ ਸਾਲਾਂ ਦੀਆਂ ਪਰੀਖਿਆਵਾਂ ਦੇ ਵੱਖ ਵੱਖ ਵਿਭਾਗਾਂ ਵੱਲੋਂ ਵੈਰੀਫਿਕੇਸ਼ਨ ਲਈ ਪ੍ਰਾਪਤ ਹੋਏ ਅਸਲ ਸਰਟੀਫ਼ਿਕੇਟਾਂ ਦੀ ਵੈਰੀਫ਼ਿਕੇਸ਼ਨ ਕੀਤੀ ਜਾਂਦੀ ਹੈ।

49. ਭਾਰਤ ਸਰਕਾਰ ਨਵੀਂ ਦਿੱਲੀ ਵੱਲੋਂ 80% ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਪੰਜਾਬ ਸਟੇਟ ਨੂੰ 1902 ਵਜੀਫੇ ਅਲਾਟ ਕੀਤੇ ਗਏ ਹਨ। ਸਾਲ 2008-2012 ਤੱਕ ਯੋਗ ਵਿਦਿਆਰਥੀ ਦੀ ਸੂਚੀ ਐਮ.ਐਚ.ਆਰ.ਡੀ. ਨੂੰ ਭੇਜੀ ਜਾਂਦੀ ਸੀ। ਉਹਨਾਂ ਵੱਲੋਂ ਰਕਮ ਆਉਣ ਉਪਰੰਤ ਡਰਾਫਟ/ਚੈੱਕ ਰਾਹੀਂ ਲੇਖਾ ਸ਼ਾਖਾ ਵੱਲੋਂ ਅਦਾਇਗੀ ਕੀਤੀ ਜਾਂਦੀ ਸੀ, ਇਹ ਵਜੀਫਾ ਵਿਦਿਆਰਥੀ ਨੂੰ ਅਗਲੇ ਪੂਰੇ ਡਿਗਰੀ ਕੋਰਸ ਲਈ ਹਰ ਸਾਲ ਜੇਕਰ ਉਸ ਵੱਲੋਂ 60% ਅੰਕ ਅਤੇ 75% ਹਾਜਰੀ ਪੂਰੀ ਕਰਦਾ ਸੀ ਉਸ ਵਿਦਿਆਰਥੀ ਨੂੰ ਵਜੀਫੇ ਲਈ ਵਿਚਾਰਿਆ ਜਾਂਦਾ ਹੈ।

50. ਸਾਲ 2016 ਤੋਂ ਐੱਮ.ਐੱਚ.ਆਰ.ਡੀ. ਵੱਲੋਂ ਆਨ-ਲਾਈਨ ਅਪਲਾਈ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਜਿਸ ਵਿੱਚ ਉਹਨਾਂ ਵੱਲੋਂ ਪਹਿਲੇ 20 ਪਰਸੇਂਟਾਇਲ ਵਿਦਿਆਰਥੀਆਂ ਦੀ ਸੂਚੀ ਦੀ ਮੰਗ ਕੀਤੀ ਜਾਂਦੀ ਹੈ ਜਿਸ ਉਪਰੰਤ ਐੱਮ.ਐੱਚ.ਆਰ.ਡੀ. ਵੱਲੋਂ ਪ੍ਰਾਪਤ ਸੂਚੀ ਅਨੁਸਾਰ ਆਨ-ਲਾਈਨ ਅਪਲਾਈ ਕੀਤੇ ਜਾਣ ਵਾਲੇ ਵਿਦਿਆਰਥੀਆਂ ਨੂੰ ਇੰਸਟੀਚਿਊਟ ਪੱਧਰ ਤੋਂ ਵੈਰੀਫ਼ਾਈ ਹੋਣ ਉਪਰੰਤ ਸਟੇਟ ਪੱਧਰ 'ਤੇ ਯੋਗ ਵਿਦਿਆਰਥੀਆਂ ਨੂੰ ਬੋਰਡ ਵੱਲੋਂ

ਵੈਰੀਫ਼ਾਈ ਕੀਤਾ ਜਾਂਦਾ ਹੈ ਜਿਸ ਉਪਰੰਤ ਐੱਮ.ਐੱਚ.ਆਰ.ਡੀ. ਵੱਲੋਂ ਪੇਮੈਂਟ ਇੰਨੀਸ਼ੀਏਟ ਕਰਵਾਈ ਜਾਂਦੀ ਹੈ।

51. ਸਾਲ 2012 ਤੋਂ 2016 ਤੱਕ ਭੇਜੀਆਂ ਗਈਆਂ ਸੂਚੀਆਂ ਵਿੱਚ ਵਿਦਿਆਰਥੀਆਂ ਵੱਲੋਂ ਜੇਕਰ ਕੋਈ ਖਾਤਾ ਆਦਿ ਸੰਬੰਧੀ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ, ਐਮ.ਐਚ.ਆਰ.ਡੀ. ਵੱਲੋਂ ਇਹਨਾਂ ਸੂਚੀਆਂ ਨੂੰ ਵਾਪਿਸ ਭੇਜਦੇ ਹੋਏ ਉਹਨਾਂ ਨੂੰ ਦਰੁੱਸਤ ਕਰਵਾਉਣ ਉਪਰੰਤ ਦੁਬਾਰਾ ਪਬਲਿਕ ਫਾਇਨਾਂਸ ਮੈਨੇਜਮੈਂਟ ਸਿਸਟਮ ਤੇ ਅਪਲੋਡ ਕਰਕੇ ਪੇਮੈਂਟ ਇਨੀਸ਼ੀਏਟ ਕਰਵਾਈ ਜਾਂਦੀ ਹੈ।

52. ਸਾਲ 2015 ਅਤੇ 2016 ਤੋਂ ਐਨ.ਐਸ.ਪੀ. ਪੋਰਟਲ ਤੇ ਯੋਗ ਵਿਦਿਆਰਥੀਆਂ ਵੱਲੋਂ ਆਨਲਾਈਨ ਫਰੈਸ਼/ਰਿਨੀਅਊਲ ਲਈ ਅਪਲਾਈ ਕੀਤਾ ਜਾਂਦਾ ਹੈ ਜਿਸ ਉਪਰੰਤ ਐਮ.ਐਚ.ਆਰ.ਡੀ., ਨਵੀਂ ਦਿਲੀ ਵੱਲੋਂ ਚੱਲ ਰਹੀਆਂ ਰਿਨੀਊਲਜ਼ ਨੂੰ ਪਬਲਿਕ ਫਾਇਨਾਂਸ ਮੈਨੇਜਮੈਂਟ ਸਿਸਟਮ ਤੇ ਅਪਲੋਡ ਕਰਨ ਉਪਰੰਤ ਪੇਮੈਂਟ ਇਨੀਸ਼ੀਏਟ ਕਰਵਾਈ ਜਾਂਦੀ ਹੈ।

53. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969 ਸੋਧ ਐਕਟ 1987 ਅਤੇ ਸੋਧ ਐਕਟ 2000 ਦੀ ਧਾਰਾ 24 ਦੀ ਉਪਧਾਰਾ (2) ਦੇ ਖੰਡ (ਜੇ) ਅਧੀਨ ਮਿਲੇ ਅਧਿਕਾਰਾਂ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੀਟਿੰਗ 10-01-2006 ਵਿੱਚ ਮੱਦ ਨੰਬਰ 14(7) ਰਾਹੀਂ ਲਏ ਨਿਰਨੇ ਅਨੁਸਾਰ, "ਪੰਜਾਬ ਸਕੂਲ ਸਿੱਖਿਆ ਬੋਰਡ ਰਾਇਟ ਟੂ ਇਨਫਰਮੇਸ਼ਨ ਵਿਨਿਯਮ 2005" ਲਾਗੂ ਕੀਤੇ ਗਏ।

54. ਪ੍ਰਾਰਥੀਆਂ ਦੀਆਂ ਪ੍ਰਤਿ ਬੇਨਤੀਆਂ ਪ੍ਰਾਪਤ ਕਰਨ ਉਪਰੰਤ ਉਹਨਾਂ ਤੋਂ ਸਰਕਾਰ ਵੱਲੋਂ ਨਿਰਧਾਰਿਤ ਕੀਤੀ ਗਈ ਐਪਲੀਕੇਸ਼ਨ ਪ੍ਰੋਸੈਸਿੰਗ ਫ਼ੀਸ ਲਈ ਜਾਂਦੀ ਹੈ।

55. ਸੰਬੰਧਿਤ ਸ਼ਾਖਾਵਾਂ ਨੂੰ ਸੂਚਨਾ ਮੰਗਵਾਉਣ ਲਈ ਸੰਬੰਧਿਤ ਏ.ਪੀ.ਆਈ.ਓ. ਨੂੰ ਪੱਤਰ ਪਾਏ ਜਾਂਦੇ ਹਨ। ਦੱਸ ਦਿਨਾਂ ਤੱਕ ਸੂਚਨਾ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਸੰਬੰਧਿਤ ਸ਼ਾਖਾਵਾਂ ਦੇ ਏ.ਪੀ.ਆਈ.ਓ. ਨੂੰ ਯਾਦ ਪੱਤਰ ਵੀ ਪਾਏ ਜਾਂਦੇ ਹਨ।

56. ਸੂਚਨਾ ਪ੍ਰਾਪਤ ਹੋਣ ਉਪਰੰਤ ਜੇਕਰ ਕੋਈ ਬਿਨੈਕਾਰ ਪ੍ਰਾਪਤ ਸੂਚਨਾ ਅਧੂਰੀ ਹੋਣ ਕਾਰਨ ਅਸੰਤੁਸ਼ਟ ਹੁੰਦਾ ਹੈ ਤਾਂ ਆਰ.ਟੀ.ਆਈ. ਸੈੱਲ ਵੱਲੋਂ ਉਸਨੂੰ ਫਸਟ ਐਪੀਲੈਟ ਅਥਾਰਟੀ/ਮੀਤ ਪ੍ਰਧਾਨ ਜੀ ਪਾਸ ਅਪੀਲ ਕਰਨ ਲਈ ਵੀ ਆਖਿਆ ਜਾਂਦਾ ਹੈ। ਆਰ.ਟੀ.ਆਈ. ਸੈੱਲ ਵਿਖੇ ਅਪੀਲ ਪ੍ਰਾਪਤ ਕਰਨ ਉਪਰੰਤ ਬਿਨੈਕਾਰ ਦੀ ਸੰਤੁਸ਼ਟਤਾ ਤੱਕ ਉਸਨੂੰ ਸੂਚਨਾ ਮੁੱਹਈਆ ਕਰਵਾਈ ਜਾਂਦੀ ਹੈ। ਜੇਕਰ ਬਿਨੈਕਾਰ ਫਿਰ ਵੀ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਸੈਕੰਡ ਐਪੀਲੈਟ ਅਥਾਰਟੀ ਨੂੰ ਵੀ ਅਪੀਲ ਕਰ ਸਕਦਾ ਹੈ ਅਤੇ ਸਟੇਟ ਸੂਚਨਾ ਕਮਿਸ਼ਨ ਵਿਖੇ ਵੀ ਅਪਰੋਚ ਕਰ ਸਕਦਾ ਹੈ।

57. ਹਰ ਸਾਲ ਮੈਨੂਅਲਜ਼ ਨੰਬਰ 1 ਤੋਂ 17 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ ਤੇ ਅਪਲੋਡ ਕੀਤੇ ਜਾਂਦੇ ਹਨ।

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਟੀਚੇ ਅਤੇ ਪ੍ਰਾਪਤੀਆਂ:

1. ਦਸਵੀਂ ਸ਼੍ਰੇਣੀ ਮਾਰਚ ਪਰੀਖਿਆ 2016 ਅਤੇ ਬਾਰ੍ਹਵੀਂ ਸ਼੍ਰੇਣੀ ਮਾਰਚ ਪਰੀਖਿਆ 2016 ਲਈ ਅਪੀਅਰ ਹੋਏ ਪਰੀਖਿਆਰਥੀਆਂ ਦੀ ਸੂਚੀ, ਕੱਟ ਲਿਸਟ ਅਤੇ ਰੋਲ ਨੰਬਰ ਸਲਿੱਪਾਂ (ਐਡਮਿਟ ਕਾਰਡ) ਸਕੂਲ ਦੀ ਲਾਗ-ਇੰਨ ਆਈ.ਡੀ. ਰਾਹੀਂ ਆਨਲਾਈਨ ਉਪਲਬਧ ਕਰਵਾਏ ਗਏ।
2. ਇਹ ਟੀਚਾ ਰੱਖਿਆ ਗਿਆ ਹੈ ਕਿ ਬੋਰਡ ਪਰੀਖਿਆ ਦੇ ਨਤੀਜੇ ਨਾ ਕੇਵਲ ਸਮੇਂ ਸਿਰ ਘੋਸ਼ਿਤ ਕੀਤੇ ਜਾਣ ਸਗੋਂ ਆਰ.ਐਲ. (ਲੇਟ ਨਤੀਜਾ) ਕੇਸਾਂ ਦੀ ਗਿਣਤੀ ਜ਼ੀਰੋ ਕੀਤੀ ਜਾਵੇ। ਕੀਤੇ ਗਏ ਉਪਰਾਲਿਆਂ ਸਦਕਾ ਇਸ ਸਾਲ ਨਤੀਜਿਆਂ ਵਿੱਚ ਆਰ.ਐਲ. ਨਤੀਜਿਆਂ ਦੀ ਪ੍ਰਤਿਸ਼ਤਤਾ ਜੀਰੋ ਸੀ।
3. ਦਸਵੀਂ ਸ਼੍ਰੇਣੀ ਪਰੀਖਿਆ ਮਾਰਚ 2017 ਮਿਤੀ 03-03-2017 ਨੂੰ ਸ਼ੁਰੂ ਕਰਵਾਉਣ ਅਤੇ ਨਤੀਜਾ ਮਿਤੀ 20-05-2017 ਨੂੰ ਘੋਸ਼ਿਤ ਕਰਵਾਉਣ ਦਾ ਟੀਚਾ ਰੱਖਿਆ ਗਿਆ ਸੀ। ਰੱਖੇ ਟੀਚੇ ਮੁਤਾਬਿਕ ਪਰੀਖਿਆ ਸ਼ੁਰੂ ਕਰਵਾਈ ਗਈ। ਦਸਵੀਂ ਸ਼੍ਰੇਣੀ ਦਾ ਨਤੀਜਾ ਮਿਤੀ 22-05-2017 ਨੂੰ ਘੋਸ਼ਿਤ ਕੀਤਾ ਗਿਆ।
4. ਬਾਰ੍ਹਵੀਂ ਸ਼੍ਰੇਣੀ ਪਰੀਖਿਆ ਮਾਰਚ 2017 ਮਿਤੀ 28-02-2017 ਨੂੰ ਸ਼ੁਰੂ ਕਰਵਾਉਣ ਅਤੇ ਨਤੀਜਾ ਮਿਤੀ 13-05-2017 ਨੂੰ ਘੋਸ਼ਿਤ ਕਰਵਾਉਣ ਦਾ ਟੀਚਾ ਰੱਖਿਆ ਗਿਆ ਸੀ। ਰੱਖੇ ਟੀਚੇ ਮੁਤਾਬਿਕ ਪਰੀਖਿਆ ਸ਼ੁਰੂ ਕਰਵਾਈ ਗਈ। ਬਾਰ੍ਹਵੀਂ ਸ਼੍ਰੇਣੀ ਦਾ ਨਤੀਜਾ ਮਿੱਥੇ ਸਮੇਂ ਤੇ ਮਿਤੀ 13-05-2017 ਨੂੰ ਘੋਸ਼ਿਤ ਕੀਤਾ ਗਿਆ।
5. **ਨਤੀਜੇ:**

**ਦਸਵੀਂ ਪਰੀਖਿਆ ਮਾਰਚ-2017 (ਰੈਗੂਲਰ) ਦਾ ਨਤੀਜਾ**

| ਪਰੀਖਿਆ | ਪਰੀਖਿਆਰਥੀਆਂ ਦੀ ਸੰਖਿਆ | ਪਾਸ ਹੋਏ ਪਰੀਖਿਆਰਥੀਆਂ ਦੀ ਸੰਖਿਆ | ਪਾਸ ਪ੍ਰਤਿਸ਼ਤਤਾ |
|---|---|---|---|
| ਰੈਗੂਲਰ | 330437 | 190001 | **57.50** |

**ਬਾਰ੍ਹਵੀਂ ਪਰੀਖਿਆ ਮਾਰਚ-2017 (ਰੈਗੂਲਰ ਅਤੇ ਓਪਨ ਸਕੂਲ) ਨਤੀਜਾ**

| ਪਰੀਖਿਆ | ਪਰੀਖਿਆਰਥੀਆਂ ਦੀ ਸੰਖਿਆ | ਪਾਸ ਹੋਏ ਪਰੀਖਿਆਰਥੀਆਂ ਦੀ ਸੰਖਿਆ | ਪਾਸ ਪ੍ਰਤੀਸ਼ਤਤਾ |
|---|---|---|---|
| ਰੈਗੂਲਰ | 285138 | 186278 | **65.33** |
| ਓਪਨ | 29677 | 10043 | **33.84** |
| **ਕੁੱਲ** | **314815** | **196321** | **62.36** |

6. ਮੁੱਖ ਪਰੀਖਿਅਕ ਵੱਲੋਂ ਰੈਂਡਮ ਰੀਚੈੱਕ ਕੀਤੀਆਂ ਜਾਣ ਵਾਲੀਆਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੀਆਂ ਉੱਤਰ-ਪੱਤਰੀਆਂ ਦੀ ਪ੍ਰਤਿਸ਼ਤਤਾ ਵਿੱਚ ਕ੍ਰਮਵਾਰ 5% ਤੋਂ 10% ਅਤੇ 10%ਤੋਂ 15% ਤੱਕ ਦਾ ਵਾਧਾ ਕੀਤਾ ਗਿਆ ਤਾਂ ਜੋ ਗ਼ਲਤੀ ਦੀ ਗੁੰਜਾਇਸ਼ ਨਾ ਰਹੇ।
7. ਪਰੀਖਿਆਵਾਂ ਦੇ ਸੰਚਾਲਨ ਸੰਬੰਧੀ ਜਾਰੀ ਸ਼ਡਿਊਲ ਤੋਂ ਪਹਿਲਾਂ ਸਾਰੀ ਤਿਆਰੀ ਮੁਕੰਮਲ ਕੀਤੀ ਗਈ। ਰੀਚੈਕਿੰਗ ਦਾ ਨਤੀਜਾ ਇੱਕ ਮਹੀਨੇ ਦੇ ਅੰਦਰ-2 ਘੋਸ਼ਿਤ ਕੀਤਾ ਗਿਆ।

ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਸੰਬੰਧੀ ਪ੍ਰਵੇਸ਼ ਪਰੀਖਿਆ ਦਾ ਸੰਚਾਲਨ ਕਰਵਾਇਆ ਗਿਆ।

8. ਅਕਾਦਮਿਕ ਸਾਲ 2017-18 ਲਈ ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਲਈ 41 ਨਵੀਆਂ ਪਾਠ-ਪੁਸਤਕਾਂ ਲਾਗੂ ਅਤੇ 197 ਰੀ-ਪ੍ਰਿੰਟ ਹੋਣ ਵਾਲੀਆਂ ਪਾਠ-ਪੁਸਤਕਾਂ ਰੀਵਿਊ ਕੀਤੀਆਂ ਜਾਣਗੀਆਂ।
9. ਸਾਇੰਸ ਅਤੇ ਗਣਿਤ ਵਿਸ਼ਿਆਂ ਦੀਆਂ ਐਨ.ਸੀ.ਆਰ.ਟੀ. ਤੋਂ ਬਾਰ੍ਹਵੀਂ ਸ਼੍ਰੇਣੀ ਲਈ ਅਡਾਪਟ ਕੀਤੀਆਂ ਪਾਠ-ਪੁਸਤਕਾਂ ਪੰਜਾਬੀ ਮਾਧਿਅਮ ਵਿੱਚ ਅਨੁਵਾਦ ਕਰਕੇ ਸਾਲ 2017-18 ਤੋਂ ਲਾਗੂ ਕੀਤੀਆਂ ਜਾਣਗੀਆਂ।
10. ਬੋਰਡ ਵੱਲੋਂ ਵੱਧ ਤੋਂ ਵੱਧ ਪੁਸਤਕਾਂ ਨੂੰ ਆਨ-ਲਾਈਨ ਮੁਹੱਈਆ ਕਰਵਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ।
11. ਬਾਰ੍ਹਵੀਂ ਸ਼੍ਰੇਣੀ ਲਈ ਸੀ.ਸੀ.ਈ. ਸਕੀਮ ਅਧੀਨ ਨਿਰਧਾਰਿਤ ਪ੍ਰਤੀ ਵਿਸ਼ਾ 30% ਅੰਕਾਂ ਨੂੰ ਘਟਾ ਕੇ 10% ਕੀਤੇ ਜਾਣ ਸੰਬੰਧੀ ਲਏ ਨਿਰਣੇ ਦੀ ਲਗਾਤਾਰਤਾ ਵਿੱਚ ਦਸਵੀਂ ਸ਼੍ਰੇਣੀ ਲਈ ਵੀ ਇਹੀ ਪ੍ਰਥਾ ਨੂੰ ਲਾਗੂ ਕੀਤਾ ਜਾਵੇਗਾ।
12. ਅਕਾਦਮਿਕ ਸਾਲ 2017-18 ਤੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਗਰੇਡਿੰਗ ਵਾਲੇ ਵਿਸ਼ਿਆਂ ਦੀ ਪ੍ਰੀਖਿਆ external ਤੌਰ ਤੇ ਕਰਵਾਈ ਜਾਵੇਗੀ ਅਤੇ DMC ਵਿੱਚ ਗਰੇਡਜ਼ ਦੇ ਨਾਲ-ਨਾਲ ਅੰਕ ਵੀ ਦਰਸਾਏ ਜਾਣਗੇ।
13. ਨੈਸ਼ਨਲ ਕਰੀਕੁਲਮ ਫਰੇਮਵਰਕ-2005 ਅਤੇ ਪੰਜਾਬ ਕਰੀਕੁਲਮ ਫਰੇਮਵਰਕ-2013 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦੇ ਹੋਏ ਬੋਰਡ ਵੱਲੋਂ ਸਕੂਲਾਂ, ਕਾਲਜਾਂ/ਯੂਨੀਵਰਸਿਟੀਆਂ, ਐਸ.ਸੀ.ਆਰ.ਟੀ./ਐਨ.ਸੀ.ਆਰ.ਟੀ. ਦੇ ਮਾਹਿਰਾਂ ਅਤੇ ਰਿਟਾਇਰਡ ਵਿਦਿਅਕ ਸ਼ਾਸਤਰੀਆਂ ਨਾਲ ਸਮੇਂ ਸਮੇਂ ਮੀਟਿੰਗਾਂ/ਵਰਕਸ਼ਾਪਾਂ ਦਾ ਆਯੋਜਨ ਕਰਕੇ ਪਾਠ ਕ੍ਰਮ ਅੱਪਡੇਟ ਕਰਨ ਉਪਰੰਤ ਬੋਰਡ ਦੀ ਵੈਬਸਾਈਟ ਤੇ ਅੱਪਲੋਡ ਕੀਤੇ ਗਏ ਹਨ।
14. ਸੋਧੇ ਗਏ ਪਾਠ-ਕ੍ਰਮ ਦੇ ਆਧਾਰ ਤੇ ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੀਆਂ 64 ਨਵੀਆਂ ਅਤੇ 157 ਰੀਪ੍ਰਿੰਟ ਹੋਣ ਵਾਲੀਆਂ ਪਾਠ ਪਸੁਤਕਾਂ ਰੀਵਿਊ ਕਰਕੇ ਸਾਲ 2016-17 ਤੋਂ ਲਾਗੂ ਕੀਤੀਆਂ ਗਈਆਂ।
15. ਅਕਾਦਮਿਕ ਸ਼ਾਖਾ ਦੀ ਕੰਪਿਊਟਰ ਲੈਬ ਵੱਲੋਂ ਸਾਲ 2016-17 ਲਈ 106 ਪਾਠ ਪੁਸਤਕਾਂ PDF form ਵਿੱਚ ਤਿਆਰ ਕਰਕੇ ਬੋਰਡ ਦੀ ਵੈੱਬ ਸਾਈਟ ਤੇ ਉਪਲਬੱਧ ਕਰਵਾਈਆਂ ਗਈਆਂ।
16. ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਮਨਿਸਟਰੀ ਆਫ ਸੋਸ਼ਲ ਜਸਟਿਸ ਅਤੇ ਇਮਪਾਰਮੈਂਟ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਲੋਅ ਵਿੱਚ ਵਿਲਖੱਣ ਸਮੱਰਥਾ ਵਾਲੇ ਵਿਦਿਆਰਥੀਆਂ ਨੂੰ ਕਈ ਸਹੂਲਤਾਂ ਮੁਹੱਈਆਂ ਕਰਵਾਈਆਂ ਗਈਆਂ। ਜਿਨ੍ਹਾਂ ਵਿੱਚ ਲਿਖਾਰੀ ਦੇਣਾ, ਪ੍ਰੀਖਿਆ ਦੌਰਾਨ ਵਾਧੂ ਸਮਾਂ ਦੇਣਾ ਅਤੇ ਸੁਨਣ ਤੋਂ ਅਸਮੱਰਥ ਵਿਦਿਆਰਥੀਆਂ ਲਈ ਦਸਵੀਂ ਅਤੇ ਬਾਰ੍ਹਵੀਂ ਲਈ ਵੱਖਰਾ ਪ੍ਰਸ਼ਨ ਪੱਤਰ ਮੁਹੱਈਆ ਕਰਵਾਉਣਾ ਸ਼ਾਮਿਲ ਹੈ।
17. ਰਾਸ਼ਟਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਦਾਖਲਾ ਲੈਣ ਹਿੱਤ ਵਿਦਿਆਰਥੀਆਂ ਦੀ ਮੈਰਿਟ ਸੰਬੰਧੀ ਆ ਰਹੀ ਦਿੱਕਤ ਦੇ ਮੱਦੇ ਨਜਰ ਬਾਰ੍ਹਵੀਂ ਸ਼੍ਰੇਣੀ ਲਈ ਲਾਗੂ ਸੀ.ਸੀ.ਈ. ਸਕੀਮ ਅਧੀਨ ਨਿਰਧਾਰਿਤ ਪ੍ਰਤੀ ਵਿਸ਼ਾ 30% ਅੰਕਾਂ ਨੂੰ ਘਟਾ ਕੇ 10% ਕੀਤੇ ਜਾਣ ਸੰਬੰਧੀ ਨਿਰਨਾ ਲੈਣ ਉਪਰੰਤ ਲਾਗੂ ਕੀਤਾ ਗਿਆ।
18. ਮਾਨਯੋਗ ਗ੍ਰੀਨ ਟ੍ਰਿਬਿਊਨਲ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਹਦਾਇਤਾਂ ਦੀ ਲੋਅ ਵਿੱਚ ਪਰਾਲੀ ਨਾ ਸਾੜ੍ਹਣ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਹਿੱਤ **ਪਰਾਲੀ: ਸਮੱਸਿਆ ਅਤੇ ਪ੍ਰਬੰਧਨ** ਵਿਸ਼ਾ ਵਸਤੂ ਬਾਰ੍ਹਵੀਂ ਸ਼੍ਰੇਣੀ ਦੀ ਵਾਤਾਵਰਨ ਸਿੱਖਿਆ ਵਿਸ਼ੇ ਦੇ ਪਾਠਕ੍ਰਮ ਵਿੱਚ ਸ਼ਾਮਿਲ ਕਰਦੇ ਹੋਏ ਬੋਰਡ ਦੀ ਵੈੱਬਸਾਈਟ ਤੇ ਵੀ ਅੱਪਲੋਡ ਕੀਤੀ ਗਈ।

19. ਮਾਨਯੋਗ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਦੀ ਲੋਅ ਵਿੱਚ ਵਿਦਿਆਰਥੀਆਂ ਨੂੰ Drug Abuse ਸੰਬੰਧੀ ਜਾਗਰੂਕ ਕਰਨ ਹਿੱਤ ਅੱਠਵੀਂ ਸ੍ਰੇਣੀ ਦੀ ਸਿਹਤ ਤੇ ਸਰੀਰਿਕ ਸਿੱਖਿਆ ਅਤੇ ਗਿਆਰ੍ਹਵੀਂ ਸ੍ਰੇਣੀ ਦੀ ਵਾਤਾਵਰਨ ਸਿੱਖਿਆ ਵਿਸ਼ੇ ਦੀਆਂ ਪਾਠ ਪੁਸਤਕਾਂ ਵਿੱਚ ਲੋੜੀਂਦੀ ਵਿਸ਼ਾ ਵਸਤੂ ਸ਼ਾਮਿਲ ਕਰਦੇ ਹੋਏ ਬੋਰਡ ਦੀ ਵੈੱਬਸਾਈਟ ਤੇ ਵੀ ਅੱਪਲੋਡ ਕੀਤੀ ਗਈ।

20. ਗਣਿਤ ਵਿਸ਼ੇ ਅਧੀਨ ਛੇਵੀਂ ਤੋਂ ਦਸਵੀਂ ਸ੍ਰੇਣੀ ਲਈ ਪ੍ਰਯੋਗੀ ਪ੍ਰੀਖਿਆ ਲਾਗੂ ਕੀਤੀ ਗਈ ਹੈ।

21. NSQF ਅਧੀਨ ਪੰਜਾਬ ਵਿੱਚ ਵੋਕੇਸ਼ਨਲ ਵਿਸ਼ੇ ਲਾਗੂ ਕੀਤੇ ਗਏ ਹਨ। ਇਹਨਾਂ ਵਿਸ਼ਿਆਂ ਦੇ ਪਾਠਕ੍ਰਮ ਦਾ ਪੰਜਾਬੀ ਅਨੁਵਾਦ ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ ਹੈ। ਵੋਕੇਸ਼ਨਲ ਵਿਸ਼ਿਆਂ ਦੀਆਂ ਪੁਸਤਕਾਂ, ਪੰਜਾਬੀ ਮਾਧਿਅਮ ਵਿੱਚ ਅਕਾਦਮਿਕ ਸਾਲ 2015-16 ਤੋਂ ਪੜਾਅਵਾਰ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਜਿਸਦੀ ਲਗਾਤਾਰਤਾ ਵਿੱਚ ਗਿਆਰ੍ਹਵੀਂ ਸ੍ਰੇਣੀ ਲਈ 8 ਪੁਸਤਕਾਂ ਦਾ ਪੰਜਾਬੀ ਅਨੁਵਾਦ ਕਰਕੇ ਯੂਨਿਟਵਾਰ ਬੋਰਡ ਦੀ ਵੈੱਬਸਾਇਟ ਤੇ ਅੱਪਲੋਡ ਕੀਤਾ ਗਿਆ ਹੈ।

22. ਓਪਨ ਸਕੂਲ ਸਿੱਖਿਆ ਪ੍ਰਣਾਲੀ ਸਾਖ਼ਰਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਇੱਕ ਅਜਿਹਾ ਉਪਰਾਲਾ ਹੈ ਤੇ ਕੋਸ਼ਿਸ ਕੀਤੀ ਜਾਂਦੀ ਹੈ ਕਿ ਰਸਮੀ ਸਕੂਲੀ ਵਿਦਿਆ ਪ੍ਰਾਪਤ ਨਾ ਕਰ ਸਕਣ ਵਾਲੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਵਿਦਿਆ ਪ੍ਰਾਪਤੀ ਦਾ ਮੌਕਾ ਦਿੱਤਾ ਜਾਵੇ। ਇਸ ਕਾਰਜ ਲਈ ਰਾਜ ਭਰ ਦੀਆਂ ਸਕੂਲੀ ਯੂਨੀਅਨਾਂ ਨਾਲ ਵੀ ਰਾਬਤਾ ਕਾਇਮ ਕੀਤਾ ਜਾਂਦਾ ਹੈ ਤੇ ਉਹਨਾਂ ਦੇ ਜਰੀਏ ਵੀ ਫੀਲਡ ਵਿੱਚ ਵੱਧ ਤੋਂ ਵੱਧ ਅਸਰਦਾਇਕ ਸਿੱਟੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਪੰਜਾਬ ਓਪਨ ਸਕੂਲ ਦੇ ਕੋਰਸਾਂ ਲਈ ਦਾਖ਼ਲ ਹੋਏ ਵਿਦਿਆਰਥੀਆਂ ਦੀ ਗਿਣਤੀ**

| ਅਕਾਦਮਿਕ ਸਾਲ | ਮੈਟ੍ਰਿਕੁਲੇਸ਼ਨ | ਸੀਨੀਅਰ ਸੈਕੰਡਰੀ |
|---|---|---|
| 2016-17 | 27,176 | 32,474 |

23. ਓਪਨ ਸਕੂਲ ਸ਼ਾਖਾ ਵੱਲੋਂ ਸਾਲ 2016-17 ਵਿੱਚ ਹੇਠ ਲਿਖੇ ਅਨੁਸਾਰ ਕਾਰਜ ਨਿਪਟਾਏ ਗਏ:
    - ਰੈਗੂਲਰ ਸਕੂਲ ਵਿਦਿਆਰਥੀਆਂ ਦੀਆਂ ਦਾਖਲਾ ਮਿਤੀਆਂ ਤੋਂ ਘੱਟੋ ਘੱਟ ਇੱਕ ਹਫ਼ਤਾ ਬਾਅਦ ਤੱਕ ਓਪਨ ਸਕੂਲ ਪ੍ਰਨਾਲੀ ਦੇ ਵਿਦਿਆਰਥੀਆਂ ਨੂੰ ਦਾਖਲਾ ਦੇ ਕੇ ਉਹਨਾਂ ਨੂੰ ਲੋੜ ਅਨੁਸਾਰ ਕਰੈਡਿਟ ਕੈਰੀ ਦੀ ਸਹੂਲਤ ਪ੍ਰਦਾਨ ਕਰਦਿਆਂ ਉਹਨਾਂ ਦੇ ਦਾਖਲਾ ਫਾਰਮ ਅਧਿਐਨ ਕੇਂਦਰਾਂ ਜਰੀਏ ਖੇਤਰੀ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਏ ਗਏ।
    - ਸ਼ਾਖਾ ਵੱਲੋਂ ਦਾਖਲਾ ਫਾਰਮ ਖੇਤਰੀ ਦਫ਼ਤਰਾਂ ਤੋਂ ਮੰਗਵਾ ਕੇ ਜ਼ਿਲ੍ਹਾ ਅਨੁਸਾਰ ਚੈੱਕ ਕਰਨ ਉਪਰੰਤ ਸਾਰੇ ਲੋੜੀਂਦੇ ਤੱਤ ਪੂਰੇ ਕਰਕੇ ਪਰੀਖਿਆ ਸ਼ਾਖਾਵਾਂ ਨੂੰ ਭੇਜੇ ਗਏ।
    - ਵਿਦਿਆਰਥੀਆਂ ਵੱਲੋਂ ਫ਼ਾਰਮਾਂ ਵਿੱਚ ਭਰੇ ਗਏ ਵਿਸ਼ਿਆਂ ਦੇ ਅਨੁਸਾਰ ਪਾਠ ਸਮਗਰੀ ਦੇ ਸੈੱਟ ਬਣਾ ਕੇ ਜ਼ਿਲ੍ਹਾ ਖੇਤਰੀ ਦਫ਼ਤਰਾਂ ਤੱਕ ਭੇਜੇ ਗਏ ਤੇ ਅੱਗੋਂ ਪਾਠ ਸਮਗਰੀ ਅਧਿਐਨ ਕੇਂਦਰਾਂ ਤੱਕ ਪੁੱਜਦਾ ਕਰਨ ਵਿੱਚ ਸਹਿਯੋਗ ਦਿੱਤਾ ਗਿਆ।
    - ਅਧਿਐਨ ਕੇਂਦਰਾਂ ਦੀ ਸੂਚਨਾ ਅਨੁਸਾਰ ਵਿਦਿਆਰਥੀਆਂ ਵੱਲੋਂ ਉਹਨਾਂ ਦੇ ਦਾਖਲਾ ਫ਼ਾਰਮਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ (corrections) ਸੰਬੰਧੀ ਸਹਿਯੋਗ ਦਿੱਤਾ ਗਿਆ ਤੇ ਫਿਰ ਵਿਦਿਆਰਥੀਆਂ ਦੇ ਪਰੀਖਿਆ ਫ਼ਾਰਮਾਂ ਸੰਬੰਧੀ ਸਹਿਯੋਗੀ ਕਾਰਜ ਕੀਤਾ ਗਿਆ।
    - ਅਕਾਦਮਿਕ ਸਾਲ ਦੇ ਅੰਤ ਵਿੱਚ ਪਰੀਖਿਆਵਾਂ ਤੋਂ ਬਾਅਦ ਅਧਿਐਨ ਕੇਂਦਰਾਂ ਤੋਂ ਸੇਵਾਫਲ ਜੋ ਕਿ ਦਸਵੀਂ ਸ੍ਰੇਣੀ ਲਈ 250/- ਰੁਪਏ ਪ੍ਰਤੀ ਵਿਦਿਆਰਥੀ ਅਤੇ ਸੀਨੀਅਰ ਸੈਕੰਡਰੀ 300/- ਰੁਪਏ ਪ੍ਰਤੀ ਵਿਦਿਆਰਥੀ ਹੈ, ਲਈ ਦਫ਼ਤਰੀ ਨਿਯਮਾਂ ਅਨੁਸਾਰ ਪ੍ਰਤੀ ਬੇਨਤੀਆਂ ਮੰਗ ਕੇ ਉਹਨਾਂ ਦੀ ਅਦਾਇਗੀ ਕੀਤੀ ਗਈ।

24. ਸ਼ਾਖਾ ਵੱਲੋਂ ਸਕੂਲੀ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਸਹਿ-ਅਕਾਦਮਿਕ ਵਿੱਦਿਅਕ ਮੁਕਾਬਲੇ ਸਾਲ 2016-17 ਲਈ 22 ਜ਼ਿਲ੍ਹਿਆਂ ਵਿੱਚ ਤਿੰਨ ਪੱਧਰਾਂ:-

1. ਜਿਲ੍ਹਾ-ਪੱਧਰ ਵਿੱਚ ਲਗਪਗ 18000 ਤੋਂ 19000 ਵਿਦਿਆਰਥੀਆਂ ਨੇ ਭਾਗ ਲਿਆ।

2. ਖੇਤਰ-ਪੱਧਰ ਵਿੱਚ ਲਗਪਗ 4000 ਤੋਂ 4500 ਵਿਦਿਆਰਥੀਆਂ ਨੇ ਭਾਗ ਲਿਆ।

3. ਰਾਜ-ਪੱਧਰ (ਜਿਨ੍ਹਾਂ ਵਿੱਚ ਲਗਪਗ 1100 ਵਿਦਿਆਰਥੀਆਂ ਨੇ ਭਾਗ ਲਿਆ) ਤੱਕ ਕਰਵਾਏ ਗਏ। ਇਹ ਮੁਕਾਬਲੇ ਤਿੰਨ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਵਰਗਾਂ ਵਿੱਚ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਕੁੱਲ 17 ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਮੈਡਲਜ਼/ਟਰਾਫ਼ੀਆਂ/ਸਰਟੀਫ਼ਿਕੇਟ ਦਿੱਤੇ ਗਏ। ਵਿਦਿਆਰਥੀਆਂ ਦੀ ਜਿੱਤ ਨੂੰ ਪਰਖਣ ਲਈ ਵੱਖ-ਵੱਖ ਮੁਕਾਬਲਿਆਂ ਨਾਲ ਸੰਬੰਧਿਤ ਮਾਹਰ ਜੱਜ (ਸਕੂਲਾਂ ਦੇ ਅਧਿਆਪਕ) ਨਿਯੁਕਤ ਕੀਤੇ ਗਏ।

25. ਪੰਜਾਬ ਰਾਜ ਦੇ ਸਕੂਲਾਂ ਦੇ 40% ਤੋਂ ਵੱਧ 800 ਅੰਗਹੀਣ ਵਿੱਦਿਆਰਥੀਆਂ ਨੂੰ ਚੈਕਾਂ ਰਾਹੀਂ ਵਿੱਤੀ ਸਹਾਇਤਾ ਦਿੱਤੀ ਗਈ।

26. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਮੈਰਿਟ ਤੇ ਆਉਣ ਵਾਲੇ ਵਿੱਦਿਆਰਥੀਆਂ ਦੇ ਸੈਮੀਨਾਰ ਅਤੇ ਵਰਕਸ਼ਾਪਾਂ ਲਗਾਈਆਂ ਗਈਆਂ। ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਸਿੱਖਿਆ ਦੂਤ ਦਾ ਨਾਂ ਦੇਣ ਸੰਬੰਧੀ ਪ੍ਰੋਗਰਾਮ ਕਰਵਾਇਆ ਗਿਆ।

27. ਬੋਰਡ ਦੇ 250 ਮੁਲਾਜਮਾਂ ਦੀਆਂ ਖੇਡਾਂ ਕਰਵਾਈਆਂ ਗਈਆਂ। ਇਹਨਾਂ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਟਰਾਫ਼ੀਆਂ/ਇਨਾਮ ਗਏ।

28. ਐਨ.ਐਸ.ਕਿਊ.ਐਫ. ਅਧੀਨ ਨੌਂਵੀ ਸ੍ਰੇਣੀ ਵਿੱਚ 03 ਟਰੇਡ ਅਤੇ ਦਸਵੀਂ ਸ੍ਰੇਣੀ ਵਿੱਚ 06 ਟਰੇਡ ਲਾਗੂ ਕੀਤੇ ਗਏ। ਸ਼ਾਖਾ ਦੁਆਰਾ ਫੀਲਡ ਪ੍ਰੋਗਰਾਮ ਦੇ ਕਾਰਜ ਨਾਲ ਦਫਤਰ ਵੱਲੋਂ ਸੌਂਪੇ ਸੀਨੀਅਰ ਸੈਕੰਡਰੀ ਪੱਧਰ ਤੇ ਵੋਕੇਸ਼ਨਲ ਸਟਰੀਮ 12ਵੀਂ ਸ੍ਰੇਣੀ ਦੇ ਅਤੇ ਐਨ.ਐਸ.ਕਿਊ.ਐਫ. ਅਧੀਨ ਨੌਂਵੀਂ ਸ੍ਰੇਣੀ ਵਿੱਚ 03 ਟਰੇਡ ਅਤੇ ਦਸਵੀਂ ਸ੍ਰੇਣੀ ਵਿੱਚ 06 ਟਰੇਡਾਂ ਸਮੇਤ 113 ਵੋਕੇਸ਼ਨਲ ਵਿਸ਼ਿਆਂ ਦੇ ਨਾਲ ਸਬੰਧਤ ਮਿਸਲਾਂ ਦੀ ਬਣਦੀ ਕਾਰਵਾਈ ਕੀਤੀ ਗਈ। ਇਸ ਉਪਰੰਤ 10ਵੀਂ ਸ੍ਰੇਣੀ ਦੇ ਪ੍ਰੀ-ਵੋਕੇਸ਼ਨਲ ਵਿਸ਼ਿਆਂ ਦੀਆਂ ਮਿਸਲਾਂ ਸਬੰਧੀ ਵੀ ਬਣਦੀ ਕਾਰਵਾਈ ਕੀਤੀ ਗਈ।

29. **ਆਦਰਸ਼ ਸਕੂਲਾਂ ਦੇ ਮਾਰਚ, 2017 ਦੇ ਨਤੀਜੇ:**

| **ਮੈਟ੍ਰਿਕੁਲੇਸ਼ਨ ਪਰੀਖਿਆ** | | **ਸੀਨੀਅਰ ਸੈਕੰਡਰੀ ਪਰੀਖਿਆ** | |
|---|---|---|---|
| ਕੁੱਲ ਪਰੀਖਿਆਰਥੀ : | 439 | ਕੁੱਲ ਪਰੀਖਿਆਰਥੀ : | 948 |
| ਪਾਸ: | 252 | ਪਾਸ: | 672 |
| ਪਾਸ ਪ੍ਰਤੀਸ਼ਤ: | 57.40 | ਪਾਸ ਪ੍ਰਤੀਸ਼ਤ: | 70.88 |

30. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਲਾਇਬ੍ਰੇਰੀ ਵਿਭਾਗੀ ਲਾਇਬ੍ਰੇਰੀ ਹੈ ਜਿਸ ਵਿੱਚ 1970 ਤੋ ਲੈ ਕੇ ਮੌਜੂਦਾ ਸਮੇਂ ਤੱਕ ਦਾ ਸਾਰਾ ਰਿਕਾਰਡ (ਬਜਟ, ਗਜਟ, ਮੀਟਿੰਗ ਪਰੋਸਿਡਿੰਗ) ਉਪਲਬਧ ਹੈ ਇਸ ਸਾਰੇ ਰਿਕਾਰਡ ਦੀ ਬਕਾਇਦਾ ਜਿਲਦਬੰਦੀ ਕਰਕੇ ਪੂਰੀ ਤਰ੍ਹਾਂ ਨਾਲ ਸਾਂਭ ਸੰਭਾਲ ਕੀਤੀ ਜਾਂਦੀ ਹੈ। ਆਉਣ ਵਾਲੇ ਦਿਨਾਂ ਵਿੱਚ ਲਾਇਬ੍ਰੇਰੀ ਦੇ ਕੰਮ ਨੂੰ ਕੰਪਿਊਟਰੀਕਰਨ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

31. ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਬਾਲ ਰਸਾਲਿਆਂ ਦੇ ਵਿਸ਼ੇਸ਼ ਪੱਖ ਬਾਰੇ ਇੱਥੇ ਦੱਸਿਆ ਜਾਂਦਾ ਹੈ ਕਿ ਇਹ ਦੋਵੇਂ ਰਸਾਲੇ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਮੌਕਾ ਦੇਣ ਅਤੇ ਚਮਕਾਉਣ ਦਾ ਮਹੱਤਵਪੂਰਨ ਰੋਲ ਨਿਭਾਅ ਰਹੇ ਹਨ।ਬੋਰਡ ਦੀਆਂ ਪਾਠ ਪੁਸਤਕਾਂ 'ਚ ਸ਼ਾਮਲ ਹੋਣ ਤੋਂ ਰਹਿ ਗਈਆਂ ਰਚਨਾਵਾਂ ਅਤੇ ਵਿਸ਼ਿਆਂ ਨੂੰ ਵੀ ਦੋਵਾਂ ਰਸਾਲਿਆਂ 'ਚ ਖਾਸ ਥਾਂ ਦਿੱਤੀ ਜਾਂਦੀ

ਹੈ। ਬੱਚਿਆਂ ’ਚ ਨਰੋਈਆਂ ਕਦਰਾਂ ਕੀਮਤਾਂ ਦਾ ਪ੍ਰਵਾਹ ਚਲਾਉਣ, ਆਪਣੇ ਵਿਰਸੇ, ਮਾਂ-ਬੋਲੀ ਤੋਂ ਜਾਣੂੰ ਕਰਾਉਣ ਲਈ ਵੀ ਇਹ ਰਸਾਲੇ ਮਹੱਤਵਪੂਰਨ ਯੋਗਦਾਨ ਨਿਭਾਅ ਰਹੇ ਹਨ।

32. ਦੋਵੇਂ ਰਸਾਲੇ ਬੱਚਿਆਂ ਦੇ ਮਾਨਸਿਕ ਪੱਧਰ ਦੀ ਬਹੁਤ ਵਧੀਆਂ ਤਰਜਮਾਨੀ ਕਰ ਰਹੇ ਹਨ। ਇਹਨਾਂ ਰਸਾਲਿਆਂ ਦੇ ਬੀਤੇ ਸਮੇਂ ਵਿੱਚ ਬਹੁਤ ਯਾਦਗਾਰੀ ਅਤੇ ਪ੍ਰਭਾਵਸ਼ਾਲੀ ਅੰਕ ਇਸ ਪ੍ਰਕਾਰ ਕੱਢੇ ਗਏ ਹਨ।

**ਵਿਸ਼ੇਸ਼ ਅੰਕ:-**

-ਪੰਡਿਤ ਜਵਾਹਰ ਲਾਲ ਨਹਿਰੂ
-ਮੇਰੇ ਸਕੂਲੀ ਦਿਨ
-ਰਾਸ਼ਟਰੀ ਏਕਤਾ
-ਖੇਡਣ ਦੇ ਦਿਨ ਚਾਰ
-ਮਹਾਰਾਜਾ ਰਣਜੀਤ ਸਿੰਘ
-ਸ੍ਰੀ ਗੁਰੂ ਅਰਜਨ ਦੇਵ ਜੀ
-ਯਾਦਾਂ ਦਾ ਝਰੋਖਾ
-ਯਾਦਾਂ ਦੀ ਲਾਲ ਟੈਨ
-ਨਿੱਕੀਆਂ ਜਿੰਦਾਂ ਵੱਡਾ ਸਾਕਾ
-ਹਨੇਰੇ ਅਤੇ ਚਾਨਣ ਦੀ ਖੇਡ
-ਸ਼ਹੀਦ ਭਗਤ ਸਿੰਘ
-ਹਾਂਸ ਐਂਡਰਸਨ
-ਮਾਤ-ਭਾਸ਼ਾ ਨੂੰ ਸਮਰਪਿਤ ਅੰਕ
-ਮਾਂ-ਬੋਲੀ ਵਿਸ਼ੇਸ਼ ਅੰਕ
-ਸੁਪਨਿਆਂ ਦੀ ਪਟਾਰੀ
-ਇਮਤਿਹਾਨਾਂ ਦੀ ਤਿਆਰੀ

ਪ੍ਰਾਪਤੀਆਂ ਸ਼ਾਨਦਾਰ ਹਨ। ਪਹਿਲਾਂ ਦੋਵੇਂ ਰਸਾਲੇ ਸਧਾਰਨ ਕਾਗਜ ’ਤੇ ਇੱਕ ਕਲਰ ’ਚ ਹੀ ਛਪਦੇ ਸਨ ਪਰ ਹੁਣ ਦੋਵੇਂ ਰਸਾਲੇ ਜੁਲਾਈ 2016 ਤੋਂ ਆਰਟ ਪੇਪਰ ’ਤੇ ਚਾਰ ਰੰਗਾਂ ’ਚ ਛਪ ਰਹੇ ਹਨ। ਇਹਨਾਂ ਰਸਾਲਿਆਂ ਦੀ ਬੱਚਿਆਂ, ਪਾਠਕਾਂ, ਅਧਿਆਪਕਾਂ ਅਤੇ ਸਾਹਿਤਿਕ ਖੇਤਰ ’ਚ ਬਹੁਤ ਚਰਚਾ ਅਤੇ ਪ੍ਰਸੰਸਾ ਹੋਈ ਹੈ। ਦੋਵੇਂ ਰਸਾਲਿਆਂ ਲਈ ਸ਼ਾਨਦਾਰ ਕੰਮ ਕਰਨ ਬਦਲੇ ਸੰਪਾਦਕ ਕੋਮਲ ਸਿੰਘ ਨੂੰ ਬੋਰਡ ਦਫ਼ਤਰ ਵੱਲੋਂ ਪ੍ਰਸੰਸਾ ਪੱਤਰ ਦਿੱਤਾ ਗਿਆ ਹੈ।

33. ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਤੇ ਭਲਾਈ ਵਿਭਾਗ, ਪੰਜਾਬ ਵਲੋਂ ਪੁਸਤਕਾਂ ਦੀ ਛਪਾਈ ਬੋਰਡ ਵਲੋਂ ਕਰਵਾਈ ਜਾਂਦੀ ਹੈ ਜੋ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਵਿਦਿਆਰਥੀਆਂ ਅਤੇ ਦਲਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫਤ ਜਾਰੀ ਕੀਤੀ ਜਾਂਦੀਆਂ ਹਨ। ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਪੁਸਤਕਾਂ ਬੱਚਿਆਂ ਨੂੰ ਸਕੂਲਾਂ ਵਿੱਚ ਸਮੇਂ ਸਿਰ ਪਹੁੰਚਾ ਦਿੱਤੀਆਂ ਗਈਆਂ ਸਨ।

34. ਵਿੱਦਿਅਕ ਸੈਸ਼ਨ ਦੌਰਾਨ ਸਮੇਂ ਸਿਰ ਕਾਗਜ਼ ਦੀ ਖਰੀਦ ਕਰਨ ਉਪਰੰਤ ਵੱਖ-ਵੱਖ ਪ੍ਰੈਸਾਂ ਨੂੰ ਪੇਪਰ ਸਟੋਰ ਵੱਲੋਂ ਕਾਗਜ਼ ਸਮੇਂ ਸਿਰ ਜਾਰੀ ਕਰ ਦਿਤਾ ਗਿਆ।

35. ਵਿੱਦਿਅਕ ਸਾਲ 2016-17 ਦੌਰਾਨ ਜਮਾਤ ਪਹਿਲੀ ਤੋਂ ਦਸਵੀਂ(ਸਰਵ-ਸਿੱਖਿਆ ਅਭਿਆਨ ਭਲਾਈ ਵਿਭਾਗ) ਦੀਆਂ ਕੁੱਲ 1,65,77,080 (ਇੱਕ ਕਰੋੜ ਪੈਂਹਟ ਲੱਖ ਸਤੱਤਰ ਹਜ਼ਾਰ ਅੱਸੀ) ਪੁਸਤਕਾਂ ਵੰਡੀਆਂ/ਭੇਜੀਆਂ ਗਈਆਂ। ਕੋਈ ਪੁਸਤਕ ਬਕਾਇਆ ਨਹੀਂ ਹੈ।

36. ਸਾਲ/ਸ਼ੈਸ਼ਨ 2014-15 ਦੀ ਲਗਾਤਾਰਤਾ ਵਿੱਚ ਆਨ-ਲਾਈਨ ਰਜਿਸਟ੍ਰੇਸ਼ਨ ਪੋਰਟਲ ਨੂੰ ਜਾਰੀ ਰੱਖਿਆ ਗਿਆ। ਸ਼੍ਰੇਣੀ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਲੱਗਭੱਗ 12,91,490 ਵਿਦਿਆਰਥੀਆਂ

ਦੀ ਆਨ-ਲਾਈਨ ਰਜਿਸਟ੍ਰੇਸ਼ਨ ਕੀਤੀ ਗਈ। ਆਨ-ਲਾਈਨ ਰਜਿਸਟ੍ਰੇਸ਼ਨ ਕਰਨ ਨਾਲ ਐਨ-1,ਐਨ-2,ਐਮ-2,ਈ-1,ਈ-2,ਟੀ-2 ਦੀ ਪ੍ਰਿੰਟਿੰਗ ਸਟੇਸ਼ਨਰੀ ਦਾ ਖਰਚਾ ਨਹੀਂ ਹੋਇਆ।

37. ਮਾਰਚ/ਅਨੁਪੂਰਕ ਦਸਵੀਂ/ਬਾਰ੍ਹਵੀਂ ਪ੍ਰੀਖਿਆ 2017 ਨਾਲ ਸਬੰਧਤ ਕੁੱਲ 64 ਯੂ.ਐਮ.ਸੀ. ਕੇਸ ਪ੍ਰਾਪਤ ਹੋਏ ਜਿਨ੍ਹਾਂ ਵਿਚੋਂ 61 ਕੇਸਾਂ ਦਾ ਹੱਲ ਕਰਵਾ ਦਿਤਾ ਗਿਆ ਹੈ। ਕੁੱਲ ਪੈਂਡਿੰਗ ਕੇਸਾਂ ਦੀ ਗਿਣਤੀ 6 ਹੈ। ਮਾਰਚ-2017 ਦੇ ਤਿੰਨ ਕੇਸਾਂ ਦੇ ਫੈਸਲੇ ਵਿਚਾਰ ਅਧੀਨ ਹਨ।ਇਸਤੋਂ ਇਲਾਵਾ ਮਾਰਚ-2016 ਦਾ ਵੀ ਇੱਕ ਕੇਸ ਵਿਚਾਰ ਅਧੀਨ ਹੈ। ਦੋ ਸ਼ਿਕਾਇਤ ਕੇਸ ਵੀ ਕਮੇਟੀ ਦੇ ਫੈਸਲੇ ਲਈ ਵਿਚਾਰ ਅਧੀਨ ਹਨ।

38. ਮੈਟ੍ਰਿਕ ਪ੍ਰੀਖਿਆ ਮਾਰਚ-2017 ਐਸੋਸੀਏਟ ਸਕੂਲਾਂ ਰਾਹੀਂ 29777 ਪ੍ਰੀਖਿਆਰਥੀ ਅਪੀਅਰ ਹੋਏ ਅਤੇ ਜਿਹਨਾਂ ਵਿਚੋਂ 16605 ਪਾਸ ਹੋਏ। ਇਹਨਾਂ ਦੀ ਕੁੱਲ ਪਾਸ ਪ੍ਰਤੀਸ਼ਤਤਾ 55.76 ਹੈ।

39. ਬਾਰ੍ਹਵੀਂ ਪ੍ਰੀਖਿਆ ਮਾਰਚ-2017 ਐਸੋਸੀਏਟ ਸਕੂਲਾਂ ਰਾਹੀਂ 17094 ਪ੍ਰੀਖਿਆਰਥੀ ਅਪੀਅਰ ਹੋਏ ਅਤੇ ਜਿਹਨਾਂ ਵਿਚੋਂ 10568 ਪਾਸ ਹੋਏ। ਇਹਨਾਂ ਦੀ ਕੁੱਲ ਪਾਸ ਪ੍ਰਤੀਸ਼ਤਤਾ 61.82 ਹੈ।

40. **ਸਾ**ਲ 2015 ਤੋਂ 2016 ਤੱਕ ਵਜੀਫ਼ਾ ਫ਼ਾਰਮਾਂ ਨੂੰ ਵਿਦਿਆਰਥੀਆਂ ਨੂੰ ਭੇਜਦੇ ਹੋਏ ਅਤੇ ਉਹਨਾਂ ਵੱਲੋਂ ਪ੍ਰਾਪਤ ਹੋਣ ਉਪਰੰਤ ਯੋਗ ਵਿਦਿਆਰਥੀਆਂ ਦੀ ਸੂਚੀ ਨੂੰ ਆਨਲਾਈਨ ਪੀ.ਐਫ.ਐਮ.ਐਸ. ਪੋਰਟਲ ਤੇ ਅਪਲੋਡ ਕੀਤਾ ਗਿਆ ਅਤੇ ਐਮ.ਐਚ.ਆਰ.ਡੀ.ਵੱਲੋਂ ਡੀ.ਬੀ.ਟੀ. ਰਾਹੀਂ ਰਾਸ਼ੀ ਵਿਦਿਆਰਥੀਆਂ ਦੇ ਖਾਤੇ ਵਿੱਚ ਤਬਦੀਲ ਕੀਤੀ ਗਈ।

41. ਡਾ਼ ਅੰਬੇਦਕਰ ਫਾਉਂਡੇਸ਼ਨ (ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਇੰਪਾਵਰਮੈਂਟ, ਨਵੀਂ ਦਿੱਲੀ),ਐਸ.ਐਸ.ਐਨ ਕਾਲਜ, ਬਿਰਲਾ ਇੰਸਟੀਚਿਊਟ ਆਫ ਟੈਕਨੌਲੋਜੀ, ਰਿਲਾਇੰਸ ਗਰੁੱਪ,ਇੰਸਪਾਇਰ ਸਕੀਮ (ਮਨਿਸਟਰੀ ਆਫ ਸਾਇੰਸ ਐਂਡ ਟੈਕਨੌਲੋਜੀ, ਨਵੀਂ ਦਿੱਲੀ), ਭਲਾਈ ਵਿਭਾਗ ਪੰਜਾਬ ਨੂੰ ਮੈਟ੍ਰਿਕ ਅਤੇ ਬਾਰ੍ਹਵੀਂ (ਐਸ.ਸੀ. ਕੈਟਾਗਿਰੀ) ਨੂੰ ਉਹਨਾਂ ਦੀ ਮੰਗ ਅਨੁਸਾਰ ਡਾਟਾ ਪ੍ਰੋਵਾਈਡ ਕਰਵਾਇਆ ਗਿਆ ।

42. ਐਮ.ਐਚ. ਆਰ.ਡੀ.,ਨਵੀਂ ਦਿਲੀ ਵੱਲੋਂ ਲਾਗੂ ਸੈਂਟਰਲ ਸੈਕਟਰ ਸਕੀਮ ਆਫ ਸਕਾਲਰਸ਼ਿਪ ਟੂ ਕਾਲਜ ਐਂਡ ਯੂਨੀਵਰਸਿਟੀ ਅਧੀਨ 2016 ਦੀ ਫਰੈਸ਼ ਸਕਾਲਰਸ਼ਿਪ ਲਈ ਉਹਨਾਂ ਦੀ ਮੰਗ ਅਨੁਸਾਰ 2● ਪਰਸਨਟਾਈਲ ਸੂਚੀ ਮੁਹੱਈਆ ਕਰਵਾਈ ਗਈ ।

43. ਸਾਲ 2016 ਦੀ ਫਰੈਸ਼ 350, ਸਾਲ 2015 ਦੀ ਪਹਿਲੀ ਰਿਨੀਊਲ ਦੇ 615, ਸਾਲ 2014 ਦੀ ਦੂਜੀ ਰਿਨੀਊਲ ਦੇ 1247 , ਸਾਲ 2013 ਦੀ ਤੀਜੀ ਰਿਨੀਊਲ ਦੇ 737 ਅਤੇ ਸਾਲ 2012 ਦੀ ਚੌਥੀ ਰਿਨੀਊਲ ਦੇ 278 ਵਿਦਿਆਰਥੀਆਂ ਨੂੰ ਐਮ.ਐਚ. ਆਰ.ਡੀ.,ਨਵੀਂ ਦਿਲੀ ਵੱਲੋਂ ਵਜੀਫ਼ੇ ਦਵਾਏ ਗਏ।

44. ਮਾਨਯੋਗ ਸੂਚਨਾ ਕਮਿਸ਼ਨ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪਿਛਲੇ ਸਾਲ ਦਾ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ।